ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 18/08 ਅਗਸਤ 2018 – ਨਾਨਕਸ਼ਾਹੀ ਸਾਵਣ-ਭਾਦੋਂ 550

## ਇਤਿਹਾਸਿਕ ਦਿਹਾੜੇ

### ਅਗਸਤ ਅਤੇ ਸਤੰਬਰ 2018

| | |
|---|---|
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਸਾਹਿਬ ਜੀ | 6 ਅਗਸਤ |
| ਮੋਰਚਾ ਗੁਰੂ ਕਾ ਬਾਗ | 8 ਅਗਸਤ |
| ਸੰਪੂਰਨਤਾ ਦਿਵਸ ਗੁਰੂ ਗ੍ਰੰਥ ਸਾਹਿਬ ਜੀ | 30 ਅਗਸਤ |
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 10 ਸਤੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 11 ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੁ ਰਾਮਦਾਸ ਜੀ | 12 ਸਤੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਰਾਮਦਾਸ ਜੀ | 22 ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੁ ਅਮਰਦਾਸ ਜੀ | 25 ਸਤੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ | 11 ਸਤੰਬਰ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਭਾਦੁਇ ਭਰਮਿ ਭੁਲਾਣੀਆ ......॥ (ਜੀਵਨ - ਜੁਗਤਿ)

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥

ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥

ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥੭॥ **(ਪੰਨਾ ੧੩੪)**

ਪਦ ਅਰਥ:- ਭਾਦੁਇ-ਭਾਦਰੋਂ ਦੇ ਮਹੀਨੇ ਵਿਚ । ਭਰਮਿ-ਭਟਕਣਾ ਵਿਚ । ਭਲਾਣੀਆ-ਕੁਰਾਹੇ ਪੈ ਜਾਂਦੀ ਹੈ । ਹੇਤੁ-ਹਿਤ, ਪਿਆਰ । ਕੇਤੁ ਕਾਰਜਿ-ਕਿਸੇ ਕੰਮ ਵਿਚ । ਜਿਤੁ-ਜਿਸ ਵਿਚ । ਦਿਨਿ-ਦਿਨ ਵਿਚ । ਦੇਹ-ਸਰੀਰ । ਕਹਸਨਿ-ਆਖਣਗੇ । ਬਿਨਸਸੀ-ਬਿਨਸੇਗੀ । ਪ੍ਰੇਤੁ-ਗੁਜ਼ਰ ਚੁਕਿਆ, ਅਪਵਿਤ੍ਰ । ਪਕੜਿ-ਫੜ ਕੇ । ਨ ਦੇਨੀ-ਨਹੀਂ ਦੇਂਦੇ, ਨ ਦੇਨਿ । ਸਿਆਹਹੁ-ਕਾਲੇ ( ਰੰਗ) ਤੋਂ । ਸੇਤੁ-ਚਿੱਟਾ । ਕਪੇ-ਕੱਪੀਦਾ ਹੈ । ਲੂਣੈ-ਵੱਢਦਾ ਹੈ । ਖੇਤੁ-ਪੈਲੀ । ਸੰਦੜਾ-ਦਾ । ਬੋਹਿਥ-ਜਹਾਜ਼ । ਨਾ ਪਾਈਅਹਿ - ਨਹੀਂ ਪਾਏ ਜਾਂਦੇ । ਹੇਤੁ-ਹਿਤੂ, ਪਿਆਰ ਕਰਨ ਵਾਲਾ ।

ਅਰਥ:- (ਜਿਵੇਂ) ਭਾਦਰੋਂ (ਦੇ ਤ੍ਰਾਟਕੇ ਤੇ ਘੁੰਮੇ) ਵਿਚ (ਮਨੁੱਖ ਬਹੁਤ ਘਬਰਾਂਦਾ ਹੈ, ਤਿਵੇਂ) ਜਿਸ ਜੀਵ-ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾਂ ਕਿਸੇ ਹੋਰ ਨਾਲ ਲੱਗਦਾ ਹੈ ਉਹ ਭਟਕਣਾ ਦੇ ਕਾਰਨ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਜਾਂਦੀ ਹੈ, ਉਹ ਭਾਵੇਂ ਲੱਖਾਂ ਹਾਰ ਸਿੰਗਾਰ ਕਰੇ, (ਉਸ ਦੇ) ਕਿਸੇ ਕੰਮ ਨਹੀਂ ਆਉਂਦੇ ।

ਜਿਸ ਦਿਨ ਮਨੁੱਖ ਦਾ ਸਰੀਰ ਨਾਸ ਹੋਵੇਗਾ (ਜਦੋਂ ਮਨੁੱਖ ਮਰ ਜਾਇਗਾ) ਉਸ ਵੇਲੇ (ਸਾਰੇ ਸਾਕ-ਅੰਗ) ਆਖਣਗੇ ਕਿ ਇਹ ਗੁਜ਼ਰ ਗਿਆ ਹੈ । (ਲੋਥ ਅਪਵਿਤ੍ਰ ਪਈ ਹੈ, ਜਿਸ ਨੂੰ ਛੇਤੀ ਬਾਹਰ ਲੈ ਚੱਲੋ) । ਜਮਦੂਤ (ਜਿੰਦ ਨੂੰ) ਫੜ ਕੇ ਅੱਗੇ ਲਾ ਲੈਂਦੇ ਹਨ,

ਕਿਸੇ ਨੂੰ (ਇਹ) ਭੇਤ ਨਹੀਂ ਦੱਸਦੇ (ਕਿ ਕਿੱਥੇ ਲੈ ਚੱਲੇ ਹਾਂ) । ਜਿਨ੍ਹਾਂ ਸੰਬੰਧੀਆਂ ਨਾਲ (ਸਾਰੀ ਉਮਰ ਬੜਾ) ਪਿਆਰ ਬਣਿਆ ਰਹਿੰਦਾ ਹੈ ਉਹ ਪਲ ਵਿਚ ਹੀ ਸਾਥ ਛੱਡ ਬੈਠਦੇ ਹਨ ।

(ਮੌਤ ਆਈ ਵੇਖ ਕੇ ਮਨੁੱਖ) ਬੜਾ ਪਛੁਤਾਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਉਹ ਕਾਲੇ ਤੋਂ ਚਿੱਟਾ ਪਿਆ ਹੁੰਦਾ ਹੈ (ਘਬਰਾਹਟ ਨਾਲ ਇਕ ਰੰਗ ਆਉਂਦਾ ਹੈ ਇਕ ਜਾਂਦਾ ਹੈ) । ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੀ ਫਸਲ ਵੱਢਦਾ ਹੈ (ਜੇਹੇ ਕਰਮ ਕਰਦਾ ਹੈ, ਤੇਹਾ ਫਲ ਪਾਂਦਾ ਹੈ) ।

ਹੇ ਨਾਨਕ ! ਜਿਨ੍ਹਾਂ ਦਾ ਰਾਖਾ ਤੇ ਹਿਤੂ ਗੁਰੂ ਬਣਦਾ ਹੈ, ਉਹ ਨਰਕ ਵਿਚ ਨਹੀਂ ਪਾਏ ਜਾਂਦੇ, (ਕਿਉਂਕਿ ਗੁਰੂ ਦੀ ਕਿਰਪਾ ਨਾਲ) ਉਹ ਪ੍ਰਭੂ ਦੀ ਸਰਨ ਵਿਚ ਆ ਜਾਂਦੇ ਹਨ, ਗੁਰੂ ਉਹਨਾਂ ਨੂੰ ਪ੍ਰਭੂ ਦੇ ਚਰਨ-ਰੂਪ ਜਹਾਜ਼ (ਵਿਚ ਚੜ੍ਹਾ) ਦੇਂਦਾ ਹੈ । ੭ ।

## ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

ਜ਼ਿੰਦਗੀ ਦੀ ਮਹਾਨਤਾ ਦਾ ਰਾਜ਼ ਕੇਵਲ ਦਿਮਾਗ਼ੀ ਤਾਲੀਮ ਦੀ ਵਡਿਆਈ ਵਿੱਚ ਨਹੀਂ ਤੇ ਨਾ ਹੀ ਇਹ ਸਰੀਰਕ ਬਲ ਤੇ ਆਕਾਰ ਦਾ ਮੁਥਾਜ ਹੈ । ਸੰਸਾਰਕ ਦੌਲਤ ਤੇ ਹੁਸਨ ਦਾ ਵੀ ਇਸ ਨਾਲ ਕੋਈ ਸੰਬੰਧ ਨਹੀਂ । ਜੀਵਨ ਦੀ ਉਚਿਆਈ ਦੀ ਪਰਖ ਇਸ ਕਸਵੱਟੀ ਤੇ ਕੀਤੀ ਜਾਂਦੀ ਹੈ ਕਿ ਕੋਈ ਮਹਾਂਪੁਰਸ਼ ਆਤਮਿਕ ਸਿਫ਼ਤਾਂ ਕਰਕੇ ਕਿੰਨਾ ਕੁ ਉੱਚਾ ਹੈ, ਉਸ ਅੰਦਰ ਸੁੱਚੇ ਆਦਰਸ਼ਾਂ ਲਈ ਕਿਤਨੀ ਕੁ ਰੀਝ ਹੈ ? ਸਿੱਖੀ ਵਿੱਚ ਤਾਂ ਮਹਾਂਪੁਰਸ਼ ਦੀ ਨਿਸ਼ਾਨੀ ਲਈ ਜੋਤਿ ਤੇ ਜੁਗਤਿ ਦੋ ਜ਼ਰੂਰੀ ਚੀਜ਼ਾਂ ਕਹੀਆਂ ਗਈਆਂ ਹਨ । ਜੋਤਿ ਤੋਂ ਮੁਰਾਦ ਪੂਰਨ ਦਿਵਯ ਗਿਆਨ ਤੇ ਜੁਗਤੀ ਤੋਂ ਭਾਵ ਉਸ ਦੀ ਅਮਲੀ ਵਰਤੋਂ ਹੈ । ਜਿਸ ਪਾਸ ਇਹ ਹਨ, ਉਹੋ ਸੱਚਾ ਗੁਰੂ ਹੈ ।

ਗੁਰੂ ਹਰਿਕ੍ਰਿਸ਼ਨ ਸਾਹਿਬ ਸਿੱਖਾਂ ਦੇ ਅੱਠਵੇਂ ਗੁਰੂ ਸਨ, ਜਿਨ੍ਹਾਂ ਦਾ ਜਨਮ ਸ੍ਰੀ ਗੁਰੂ ਹਰਿਰਾਇ ਜੀ ਦੇ ਘਰ ਕੀਰਤਪੁਰ ਵਿਖੇ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਹੋਇਆ । ਆਪ ਦੀ ਅਵਸਥਾ ਅਜੇ ਪੰਜ ਕੁ ਸਾਲ ਦੀ ਹੀ ਸੀ ਕਿ ਗੁਰੂ ਹਰਿਰਾਇ ਜੀ ਆਪ ਨੂੰ ਗੱਦੀ ਸੌਂਪ ਕੇ ਜੋਤੀ ਜੋਤਿ ਸਮਾਂ ਗਏ । ਅਸਲ ਗੱਲ ਇਹ ਸੀ ਕਿ ਰਾਮਰਾਇ ਜੋ ਕਿ ਆਪ ਦਾ ਵੱਡਾ ਭਰਾ ਸੀ, ਇਸ ਸਮੇਂ ਉਹ ਦਿੱਲੀ ਦਰਬਾਰ ਵਿੱਚ ਗਿਆ ਹੋਇਆ ਸੀ ਅਤੇ

ਕਰਾਮਾਤੀ ਜਾਦੂ ਨਾਲ ਗੱਦੀ ਦਾ ਅਧਿਕਾਰੀ ਬਣਨਾ ਚਾਹੁੰਦਾ ਸੀ ਜੋ ਉਸਦੀ ਭੁੱਲ ਸੀ । ਗੁਰਿਆਈ ਦੀ ਕਸੌਟੀ ਕਰਾਮਾਤ ਨਹੀਂ ਸੀ । ਇਸ ਵਡਿਆਈ ਵਿੱਚ ਨਾ 'ਤਨ' ਪਰਖੇ ਜਾਂਦੇ ਹਨ ਤੇ ਨਾ ਹੀ 'ਧਨ' ਪਰਖਿਆ ਜਾਂਦਾ ਹੈ ਸਗੋਂ ਇਥੇ ਤਾਂ ਤਨ ਤੇ ਨਾਜ਼ ਕਰਨ ਵਾਲੇ ਨੂੰ ਪਾਸੇ ਛੱਡ ਦਿੱਤਾ ਜਾਂਦਾ ਹੈ ਤੇ ਕੇਵਲ ਮਨਾਂ ਦੀ ਪ੍ਰੀਖਿਆ ਕਰ ਕੇ ਹੀ ਇਹ ਵਡਿਆਈ ਦਿੱਤੀ ਜਾਂਦੀ ਹੈ ਕਿ ਕੌਣ ਉੱਚੀ ਆਤਮਿਕ ਅਵਸਥਾ ਰੱਖਦਾ ਹੋਇਆ ਲੋਕਾਂ ਦੀ ਸਹੀ ਅਗਵਾਈ ਕਰ ਸਕਦਾ ਹੈ ਤੇ ਸੱਚੇ ਆਦਰਸ਼ਾਂ ਲਈ ਸਗੋਂ ਤਨ, ਮਨ, ਧਨ ਸਭ ਕੁਝ ਚੰਗੀ ਤਰ੍ਹਾਂ ਨਿਛਾਵਰ ਵੀ ਕਰ ਸਕਦਾ ਹੈ ।

ਸਿੱਖੀ ਤਾਂ, ਕੀ ਸਮਾਜਕ, ਕੀ ਧਾਰਮਿਕ ਤੇ ਕੀ ਰਾਜਸੀ, ਹਰ ਤਰ੍ਹਾਂ ਦੀ ਗ਼ੁਲਾਮੀ ਦੇ ਵਿਰੁੱਧ ਬ਼ਗ਼ਾਵਤ ਹੈ । ਜੋ ਆਦਮੀ ਲੋਕ-ਲਾਜ ਯਾ ਆਪਣੇ ਸਰੀਰਕ ਆਰਾਮ ਲਈ ਅਜਿਹੇ ਅੰਦੋਲਨ ਤੋਂ ਘਬਰਾ ਕੇ ਵਹਿਮ ਤੇ ਜਬਰ ਅੱਗੇ ਗੋਡੇ ਟੇਕ ਦੇਂਦਾ ਹੈ, ਉਹ ਸਿੱਖੀ ਦੇ ਕੰਮ ਆਉਣ-ਜੋਗਾ ਨਹੀਂ ਰਹਿ ਜਾਂਦਾ । ਸ੍ਰੀ ਰਾਮਰਾਇ ਦਾ ਖ਼ਿਆਲ ਸ਼ਾਹੀ ਵਾਯੂ-ਮੰਡਲ ਵਿੱਚ ਰਹਿਣ ਕਰਕੇ ਕੁਝ ਅਜਿਹਾ ਹੀ ਹੋ ਗਿਆ ਸੀ । ਇਸੇ ਕਰਕੇ ਉਨ੍ਹਾਂ ਦੇ ਇਸ ਵਤੀਰੇ ਵਿਰੁੱਧ ਦਿੱਲੀ ਦੀ ਸਿੱਖ ਜਨਤਾ ਤੇ ਗੁਰੂ ਹਰਿਰਾਇ ਜੀ ਨੇ ਰੋਸ਼ ਧਾਰਨ ਕਰ ਲਿਆ ਸੀ ਕਿਉਂਕਿ ਜ਼ੁਲਮ-ਜਬਰ ਨਾਲ ਮਿਲਵਰਤਣ ਕਰਨ ਵਾਲਾ, ਕਦੀ ਨੇਕ ਪੁਰਸ਼ਾਂ ਦੀ ਮਿਲਵਰਤਣ ਦਾ ਅਧਿਕਾਰੀ ਨਹੀਂ ਰਹਿ ਜਾਂਦਾ, ਪਰੰਤੂ ਬਾਅਦ ਚ ਰਾਮਰਾਇ ਨੇ ਪਿਤਾ ਗੁਰੂ ਤੋਂ ਖਿਮਾ ਵੀ ਮੰਗ ਲਈ ਤੇ ਕੀਰਤਪੁਰ ਆ ਗਿਆ, ਪਰ ਫਿਰ ਦੁਬਾਰਾ ਦਿੱਲੀ ਚਲਾ ਗਿਆ ਸੀ ।

ਸੋ ਗੁਰੂ ਹਰਿਰਾਇ ਜੀ ਨੇ ਆਪਣੇ ਛੋਟੇ ਪੁੱਤਰ ਨੂੰ ਹੀ ਗੱਦੀ ਦੇਣਾ ਯੋਗ ਸਮਝਿਆ, ਜਿਨ੍ਹਾਂ ਬਾਵਜੂਦ ਛੋਟੀ ਉਮਰ ਦੇ, ਅੰਤ ਤੱਕ ਪਿਤਾ ਵਲੋਂ ਖੜੇ ਕੀਤੇ 'ਨਾ-ਮਿਲਵਰਤਣ' ਦੇ ਅੰਦੋਲਨ ਨੂੰ ਪੂਰਿਆਂ ਕੀਤਾ । ਉਨ੍ਹਾਂ ਬਾਬੇ ਨਾਨਕ ਦੇ ਮਿਸ਼ਨ ਨੂੰ ਚਲਾਂਦਿਆਂ ਸ਼ਾਹੀ ਰੋਅਬ ਅੱਗੇ ਝੁਕਣਾ ਪਰਵਾਨ ਨਹੀਂ ਕੀਤਾ । ਇਹੋ ਹੀ ਉਨ੍ਹਾਂ ਦੀ ਆਦਰਸ਼ਕ ਜ਼ਿੰਦਗੀ ਦੀ ਸਫਲਤਾ ਦਾ ਰਾਜ਼ ਸੀ ।

ਜਿਸ ਸਮੇਂ ਆਪਣੇ ਛੋਟੇ ਭਾਈ ਨੂੰ ਗੁਰਿਆਈ ਮਿਲ ਜਾਣ ਦੀ ਖ਼ਬਰ ਰਾਮਰਾਇ ਨੇ ਦਿੱਲੀ ਸੁਣੀ, ਉਸ ਨੇ ਦਿਲ ਵਿੱਚ ਬੁਰਾ ਮਨਾਇਆ ਤੇ ਕੁਝ ਬੁਰੇ ਭਲੇ ਸ਼ਬਦ ਆਖੇ । ਇਹ ਸਭ ਕੁਝ ਏਸੇ ਤਰ੍ਹਾਂ ਹੀ ਸੀ ਜਿਵੇਂ 'ਕੋਈ ਗੂੰਜ ਆਪਣੀ ਮੌਲਿਕਤਾ ਸਾਬਤ ਕਰਨ

ਲਈ ਆਪਣੌਂ ਮੂਲ ਥਾਂ ਦਾ ਮਖ਼ੌਲ ਉਡਾਵੇ ।' ਗੁਰੂ ਜੀ ਨੂੰ ਇਸ ਦੀ ਕੀ ਪ੍ਰਵਾਹ ਸੀ, ਉਹ ਤਾਂ ਪਿਤਾ-ਗੁਰੂ ਦੀ ਆਗਿਆ ਅਨੁਸਾਰ ਸੰਗਤਾਂ ਦੀ ਰਹਿਨੁਮਾਈ ਕਰ ਰਹੇ ਸਨ । ਇਹ ਸੱਚ ਹੈ ਕਿ 'ਸਿਤਾਰਿਆਂ ਨੂੰ ਕਦੀ ਘਬਰਾਹਟ ਨਹੀਂ ਹੁੰਦੀ ਕਿ ਉਹ ਸੰਸਾਰ ਦੀਆਂ ਨਜ਼ਰਾਂ ਵਿੱਚ ਨਿੱਕੇ ਟਟਹਿਣਿਆਂ ਵਾਂਙ ਚਮਕਦੇ ਪ੍ਰਤੀਤ ਹੋਣਗੇ ? ਉਹ ਤਾਂ ਆਪਣੇ ਮਾਰਗ ਤੇ ਖ਼ਾਮੋਸ਼ ਟੁਰੇ ਜਾਂਦੇ ਹਨ । ਉਨ੍ਹਾਂ ਦੀ ਆਤਮਾ ਦਾ ਪਰਛਾਵਾਂ ਸੰਸਾਰ ਦੀਆਂ ਤਮਾਮ ਘਟਨਾਵਾਂ ਤੇ ਅਸਰ ਪਾਉਂਦਾ ਹੈ, ਮਲਾਹ ਤੇ ਪਾਂਧੀ ਉਨ੍ਹਾਂ ਤੋਂ ਪ੍ਰੇਰਨਾ ਤੇ ਰੌਸ਼ਨੀ ਹਾਸਲ ਕਰ ਕੇ ਆਪਣੀ ਜੀਵਨ-ਕਿਸ਼ਤੀ ਨੂੰ ਅੱਗੇ ਠੇਲ੍ਹਦੇ ਰਹਿੰਦੇ ਹਨ ।

ਰਾਮਰਾਇ ਭਾਵੇਂ ਦਿੱਲੀ ਸੀ ਮਗਰ ਔਰੰਗਜ਼ੇਬ ਨੂੰ ਜਦ ਪਤਾ ਲੱਗਾ ਕਿ ਇਸ ਦੇ ਛੋਟੇ ਭਾਈ ਨੂੰ ਗੱਦੀ ਤੇ ਬਿਠਾਇਆ ਗਿਆ ਹੈ ਤਾਂ ਉਸ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਦਰਬਾਰ ਵਿੱਚ ਬੁਲਾਉਣਾ ਜ਼ਰੂਰੀ ਸਮਝਿਆ । ਦੂਤ ਘੱਲ ਕੇ ਉਚੇਚਾ ਬਾਦਸ਼ਾਹ ਵਲੋਂ ਸੱਦਾ ਦਿੱਤਾ ਗਿਆ ਤੇ ਕਿਹਾ ਗਿਆ ਕਿ ਅਸੀਂ ਤਾਂ ਕੇਵਲ ਕਰਾਮਾਤ ਵੇਖਣਾ ਚਾਹੁੰਦੇ ਹਾਂ । ਗੁਰੂ ਜੀ ਨੇ ਜਵਾਬ ਵਿੱਚ ਲਿਖਿਆ-"ਹੇ ਔਰੰਗਜ਼ੇਬ ! ਅਗਰ ਕਰਾਮਾਤ ਹੀ ਵੇਖਣੀ ਹੈ, ਤਾਂ ਤੂੰ ਸਾਡੇ ਵੱਡੇ ਭਾਈ ਪਾਸੋਂ ਵੇਖ ਲੈ, ਜੋ ਕਿ ਤੇਰੇ ਪਾਸ ਹੀ ਹੈ । ਮੇਰੀ ਕਰਾਮਾਤ ਤਾਂ ਸਿੱਖੀ ਹੀ ਹੈ, ਜੋ ਕਿ ਇਸ ਸਮੇਂ 'ਨਾ-ਮਿਲਵਰਤਣ' ਦਾ ਝੰਡਾ ਲਈ ਅੱਗੇ ਵਧਦੀ ਜਾ ਰਹੀ ਹੈ, ਇਸ ਲਈ ਇਸ ਸੂਰਤ ਵਿੱਚ ਤੈਨੂੰ ਮਿਲਣਾ ਸੰਭਵ ਨਹੀਂ ।"

ਔਰੰਗਜ਼ੇਬ ਨੂੰ ਅਜਿਹੇ ਉੱਤਰਾਂ ਨਾਲ ਹੈਰਾਨੀ ਜ਼ਰੂਰ ਹੋਈ ਮਗਰ ਉਹ ਨਰਮੀ ਤੋਂ ਹੀ ਕੰਮ ਲੈਣਾ ਚਾਹੁੰਦਾ ਸੀ, ਸਖ਼ਤ ਕਦਮ ਚੁੱਕਣਾ ਅਜੇ ਵਾਜਬ ਨਹੀਂ ਸੀ ਸਮਝਦਾ । ਕਿਉਂਕਿ ਉਹ ਜਾਣਦਾ ਸੀ ਕਿ ਉਸ ਦੇ ਪਿਤਾ, ਪਿਤਾਮਾ ਸਮੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੇ ਗੁਰੂ ਹਰਿਗੋਬਿੰਦ ਜੀ ਦੀ ਨਜ਼ਰਬੰਦੀ ਨੇ ਆਮ ਜਨਤਾ ਵਿੱਚ ਮੁਗ਼ਲ ਹਕੂਮਤ ਵਿਰੁੱਧ ਭਾਰੀ 'ਰੋਸ਼' ਪੈਦਾ ਕਰ ਦਿੱਤਾ ਸੀ ਤੇ ਦੂਸਰੇ ਪਾਸੇ ਲੋਕ-ਭਲਾਈ ਲਈ ਤਾਲ, ਹਸਪਤਾਲ, ਲੰਗਰ, ਮੰਦਰ, ਮਸੀਤਾਂ ਤੇ ਸ਼ਹਿਰ ਵਸਾਉਣ ਵਾਲੇ ਗੁਰੂਆਂ ਦੀਆਂ ਉਪਕਾਰੀ ਸ਼ਖ਼ਸੀਅਤਾਂ ਹਰਮਨ ਪਿਆਰੀਆਂ ਬਣੀਆਂ ਹੋਈਆਂ ਸਨ । ਇਸ ਲਈ ਔਰੰਗਜ਼ੇਬ ਕੋਈ ਸਖ਼ਤ ਕਦਮ ਉਠਾਉਣੋਂ ਘਬਰਾਉਂਦਾ ਸੀ । ਉਸ ਦੀ ਪਾਲਸੀ ਸੀ ਕਿ

ਦੰਡ ਨੀਤੀ ਵਰਤਣ ਦੀ ਥਾਂ ਅਗਰ ਭੇਦ ਨੀਤੀ (ਫੁਟਪਾਊ ਢੰਗ) ਨਾਲ ਕੰਮ ਨਿਕਲ ਜਾਵੇ, ਚੰਗਾ ਹੈ। ਇਸੇ ਲਈ ਉਸ ਸ੍ਰੀ ਰਾਮਰਾਇ ਨੂੰ ਆਪਣਾ ਹੱਥ-ਠੋਕਾ ਬਣਾਇਆ। ਉਸ ਦੀ ਮਨਸ਼ਾ ਸੀ ਕਿ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਸੱਦ ਕੇ ਗੁਰਿਆਈ ਰਾਮਰਾਇ ਜੀ ਨੂੰ ਦਿਵਾ ਦਿੱਤੀ ਜਾਵੇ। ਰਾਮਰਾਇ ਖ਼ਾਮੋਸ਼ੀ ਨਾਲ ਇਸ ਸਾਰੀ ਕਾਰਵਾਈ ਨੂੰ ਦੇਖ ਰਿਹਾ ਸੀ। ਸਿੱਖ ਸੰਗਤਾਂ ਵਿੱਚ ਅੱਗੇ ਹੀ ਉਸ ਵਿਰੁਧ ਕਾਫ਼ੀ ਨਾਰਾਜ਼ਗੀ ਸੀ। ਮਗਰ ਨਵੀਆਂ ਪਾਈਆਂ ਗੁੰਝਲਾਂ ਨੇ ਸਿੱਖਾਂ ਨੂੰ ਹੋਰ ਵੀ ਹੈਰਾਨ ਕਰ ਦਿੱਤਾ ਸੀ।

ਉਨ੍ਹਾਂ ਸੋਚਿਆ, ਕੇਹਾ ਚੰਗਾ ਹੋਵੇ ਅਗਰ ਗੁਰੂ ਜੀ ਆਪ ਆ ਕੇ ਇਥੋਂ ਦੇ ਸਿੱਖੀ ਦੇ ਹਾਲਾਤ ਨੂੰ ਸੁਧਾਰ ਜਾਣ ਤੇ ਰਾਮਰਾਇ ਵਲੋਂ ਪਾਈਆਂ ਜਾ ਰਹੀਆਂ ਗ਼ਲਤ ਫਹਿਮੀਆਂ ਨੂੰ ਦੂਰ ਕਰ ਦੇਣ। ਚੁਨਾਂਚਿ ਲੰਮੀ ਵੀਚਾਰ ਬਾਅਦ ਰਾਜਾ ਜੈ ਸਿੰਘ ਦੇ ਦੀਵਾਨ ਨੂੰ ਗੁਰੂ ਜੀ ਨੂੰ ਲਿਆਉਣ ਲਈ, ਕੀਰਤਪੁਰ ਭੇਜਿਆ ਗਿਆ। ਉਸ ਨੇ ਆ ਕੇ ਗੁਰੂ ਜੀ ਨੂੰ ਬੇਨਤੀ ਕੀਤੀ, ਮਗਰ ਸਤਿਗੁਰੂ ਜੀ ਨੇ ਆਪਣੀ ਪਰਤਿੱਗਿਆ ਦੁਹਰਾ ਦਿੱਤੀ ਕਿ ਅਸੀਂ ਆਪਣੇ ਨਾ-ਮਿਲਵਰਤਣ ਦੇ ਖ਼ਿਆਲ ਨੂੰ ਉਤਨਾ ਚਿਰ ਨਹੀਂ ਬਦਲ ਸਕਦੇ, ਜਿਤਨਾ ਚਿਰ ਸਰਕਾਰ ਆਪਣੀ ਗ਼ਲਤ ਨੀਤੀ ਨਾ ਬਦਲੇ। ਸਾਡੇ ਪਿਤਾ ਦੀ ਆਗਿਆ ਹੈ ਕਿ ਜਾਬਰ ਦੇ ਮੱਥੇ ਨਹੀਂ ਲੱਗਣਾ, ਇਸ ਲਈ ਅਸੀਂ ਇਸ ਗੱਲ ਨੂੰ ਤੋੜ ਨਿਭਾਉਣਾ ਹੈ, ਕਰਤਾਰ ਸਾਡਾ ਮਦਦਗਾਰ ਹੈ, ਹੋਰ ਕਿਸੇ ਦੀ ਸਾਨੂੰ ਪਰਵਾਹ ਨਹੀਂ। ਆਖ਼ਰ ਉਸ ਸੰਗਤ ਵਲੋਂ ਬੇਨਤੀ ਕੀਤੀ ਕਿ ਦਿੱਲੀ ਤੁਹਾਨੂੰ ਜ਼ਰੂਰ ਦਰਸ਼ਨ ਦੇਣੇ ਚਾਹੀਦੇ ਹਨ, ਬਾਦਸ਼ਾਹ ਨਾਲ ਬੇਸ਼ੱਕ ਨਾ-ਮਿਲਵਰਤਣ ਹੀ ਰੱਖਣਾ।

ਸਤਿਗੁਰੂ ਜੀ ਨੇ ਸੰਗਤਾਂ ਦੀ ਬੇਨਤੀ ਮੰਨਦਿਆਂ ਹੋਇਆਂ ਇਸ ਗੱਲ ਨੂੰ ਪਰਵਾਨ ਕਰ ਲਿਆ। ਉਨ੍ਹਾਂ ਦਰਗਹ ਮੱਲ ਆਦਿ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਮਾਰਚ ੧੬੬੩ ਈ: ਵਿੱਚ ਦਿੱਲੀ ਵੱਲ ਕੂਚ ਕਰ ਦਿੱਤਾ। ਰਸਤੇ ਵਿੱਚ ਸਿੱਖ ਸੰਗਤਾਂ ਵਿੱਚ ਪ੍ਰਚਾਰ ਕਰਦੇ ਆਪ ਪੰਜੋਖਰੇ ਠਹਿਰੇ, ਇਥੇ ਇੱਕ ਲਾਲ ਚੰਦ ਪੰਡਿਤ ਆਪ ਨੂੰ ਮਿਲਿਆ। ਉਸ ਆ ਕੇ ਕੁਝ ਤਰਕ-ਭਰੇ ਸ਼ਬਦਾਂ ਨਾਲ ਇਉਂ ਸੰਬੋਧਨ ਕੀਤਾ :

"ਨਾਮ ਤਾਂ ਤੁਸਾਂ ਕ੍ਰਿਸ਼ਨ ਮਹਾਰਾਜ ਵਾਲਾ ਰੱਖਿਆ ਹੈ, ਕੀ ਤੁਸੀਂ ਗੀਤਾ ਦੇ ਗਿਆਨ ਤੋਂ ਵੀ ਜਾਣੂ ਹੋ ?" ਗੁਰੂ ਜੀ ਪੰਡਿਤ ਦੀ ਅਹੰਕਾਰੀ ਬਿਰਤੀ ਤੇ ਮੁਸਕਰਾ ਪਏ ਤੇ

ਆਪਣੇ ਸੇਵਕ ਭਾਈ ਛੱਜੂ ਮਹਿਰੇ ਨੂੰ ਗੀਤਾ ਦਾ ਗਿਆਨ ਪ੍ਰਗਟ ਕਰਨ ਲਈ ਛੜੀ ਨਾਲ ਇਸ਼ਾਰਾ ਕੀਤਾ ਕਿ ਇਸ ਬੇਚਾਰੇ ਨੂੰ ਗੀਤਾ ਦਾ ਤੱਤ ਸਮਝਾ ਦਿਓ। ਛੱਜੂ ਜੀ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਕਿਹਾ, "ਪੰਡਿਤ ਜੀ ! ਗੀਤਾ ਦਾ ਗਿਆਨ ਇਹੋ ਹੈ ਕਿ ਆਤਮਾ ਅਮਰ ਹੈ, ਇਸ ਲਈ ਕਦੀ ਵੀ ਕਾਲ ਤੋਂ ਡਰਨਾ ਨਹੀਂ ਚਾਹੀਦਾ। ਸਗੋਂ ਤਮਾਮ ਮੁਸ਼ਕਲਾਂ ਦਾ ਸਾਹਮਣੇ ਕਰਦੇ ਹੋਏ ਆਪਣੇ ਸੱਚੇ ਆਦਰਸ਼ ਤੇ ਡਟੇ ਰਹਿਣਾ ਚਾਹੀਦਾ ਹੈ। ਇਹੋ ਗੀਤਾ ਦਾ ਨਿਚੋੜ ਹੈ।" ਇੱਕ ਭੋਲੇ ਸਿੱਖ ਦੇ ਮੂੰਹੋਂ ਨਿਕਲੇ ਇਹ ਸ਼ਬਦ ਪੰਡਿਤ ਤੇ ਡੂੰਘਾ ਅਸਰ ਕਰ ਗਏ। ਉਸ ਗੁਰੂ ਜੀ ਤੋਂ ਸਿਖਿਆ ਹਾਸਲ ਕਰ ਕੇ ਸ਼ਰਧਾਲੂ ਬਣਨਾ ਪਰਵਾਨ ਕੀਤਾ। ਬਾਲਾ ਪ੍ਰੀਤਮ ਗੁਰੂ ਦੀ ਸਰਲ ਤੇ ਜਾਦੂਗਰੀ ਭਰੀ ਨਜ਼ਰ ਨੇ ਅਭਿਮਾਨੀ ਪੰਡਿਤ ਨੂੰ ਫੋਕੀ ਪੰਡਤਾਈ ਦੀ ਫਾਹੀ ਤੋਂ ਰਿਹਾਈ ਦਿਵਾਈ।

ਇਓਂ ਨਾਮ-ਬਾਣੀ ਦਾ ਉਪਦੇਸ਼ ਕਰਦੇ ਤੇ ਸੰਗਤਾਂ ਨੂੰ 'ਨਾ-ਮਿਲਵਰਤਣ' ਦਾ ਖ਼ਿਆਲ ਦੇਂਦੇ ਗੁਰੂ ਜੀ ਦਿੱਲੀ ਪੁੱਜ ਗਏ। ਆਪ ਦੀ ਰਿਹਾਇਸ਼, ਸ਼ਾਹੀ ਦਰਬਾਰ ਤੋਂ ਦੂਰ ਰਾਇ ਸੀਨਾ ਰਾਜਾ ਜੈ ਸਿੰਘ ਦੇ ਨਿਵਾਸ ਸਥਾਨ ਤੇ ਹੀ ਰੱਖੀ ਗਈ ਜਿਥੇ ਕਿ ਅੱਜ-ਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ।

ਗੁਰੂ ਜੀ ਦੇ ਆਗਮਨ ਦੀ ਖ਼ਬਰ ਸੁਣ ਕੇ ਸੰਗਤਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ, ਸਭ ਦਰਸ਼ਨਾਂ ਲਈ ਆਏ। ਗੁਰੂ ਜੀ ਨੇ ਤਮਾਮ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਤੇ ਸਿੱਖੀ ਬਾਰੇ ਪਈਆਂ ਗ਼ਲਤ ਫ਼ਹਿਮੀਆਂ ਨੂੰ ਦੂਰ ਕੀਤਾ। ਸਿੱਖ ਇਤਿਹਾਸ ਵਿੱਚ ਆਮ ਪ੍ਰਸਿੱਧ ਹੈ ਕਿ ਰਾਮਰਾਇ ਨੇ ਹਰ ਥਾਂ, ਹਰ ਤਰ੍ਹਾਂ ਛੋਟੇ ਭਰਾ ਗੁਰੂ ਹਰਿਕ੍ਰਿਸ਼ਨ ਦਾ ਵਿਰੋਧ ਕੀਤਾ ਲੇਕਿਨ ਪੁਰਾਤਨ ਲਿਖਤਾਂ ਤੋਂ ਇਸ ਦੀ ਪੁਸ਼ਟੀ ਨਹੀਂ ਹੁੰਦੀ। ਅਸਲੀਅਤ ਇਹ ਸੀ ਕਿ ਔਰੰਗਜ਼ੇਬ ਹਰ ਤਰ੍ਹਾਂ ਸਿੱਖ ਲਹਿਰ ਨੂੰ ਦਬਾਉਣਾ ਚਾਹੁੰਦਾ ਸੀ ਤੇ ਕੋਈ ਮਾੜੀ ਗੱਲ ਕਰਨੋਂ ਨਹੀਂ ਸੀ ਝਿਜਕਦਾ। ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਸ਼ਾਂਤ ਰਹਿਣ ਦਾ ਹੁਕਮ ਦਿੱਤਾ ਤੇ ਕਿਹਾ, "ਪਿਤਾ ਗੁਰੂ ਦਾ ਸਾਨੂੰ ਹੁਕਮ ਹੈ ਕਿ ਅਸੀਂ ਕਦੀ ਸਰਕਾਰ ਨਾਲ ਮਿਲਵਰਤਣ ਨਹੀਂ ਕਰਨਾ, ਬਾਦਸ਼ਾਹ ਦੇ ਮੱਥੇ ਨਹੀਂ ਲੱਗਣਾ। ਰਾਮਰਾਇ ਸਾਡਾ ਭਰਾ ਹੈ, ਉਹ ਪਿਤਾ ਦੀ ਆਗਿਆ ਵਿੱਚ ਚਲਣ ਦੀ ਥਾਂ ਔਰੰਗਜ਼ੇਬ ਦੇ ਹੱਥਾਂ ਵਿੱਚ ਖੇਡ ਰਿਹਾ ਹੈ, ਸੋ ਉਸ ਤੇ ਵੀ ਪ੍ਰਤੀਤ ਨਹੀਂ ਕਰਨਾ, ਕਰਤਾਰ ਆਪਣੇ ਦਾਸਾਂ ਦਾ ਆਪ ਮਦਦਗਾਰ ਹੋਵੇਗਾ।"

ਇਸ ਤਰ੍ਹਾਂ ਹਰ ਰੋਜ਼ ਕੀਰਤਨ ਤੇ ਦੀਵਾਨ ਹੁੰਦੇ ਰਹੇ। ਨਿੱਕੇ ਗੁਰੂ ਦੀਆਂ ਵੱਡੀਆਂ ਗੱਲਾਂ ਨੇ ਵੱਡਿਆਂ ਦਾ ਮਨ ਮੋਹ ਲਿਆ। ਲਗਭਗ ਸਾਲ ਭਰ ਆਪ ਦਿੱਲੀ ਰਹੇ। ਬਾਬਾ ਤੇਗ਼ ਬਹਾਦਰ ਜੀ ਵੀ ਪਟਨੇ ਤੋਂ ਇਥੇ ਆਏ ਤੇ ਗੁਰੂ ਹਰਿਰਾਇ ਦੇ ਦੇਹਾਂਤ ਦਾ ਸ਼ੋਕ ਕੀਤਾ। ਇਨ੍ਹਾਂ ਦਿਨਾਂ ਵਿੱਚ ਕਈ ਸ਼ਹਿਜ਼ਾਦੇ ਵੀ ਆ ਆ ਕੇ ਗੁਰੂ ਜੀ ਨਾਲ ਰੂਹਾਨੀ ਵੀਚਾਰਾਂ ਕਰਦੇ। ਔਰੰਗਜ਼ੇਬ ਨੇ ਵੀ ਸਾਰੀ ਦਿੱਲੀ ਵਿੱਚ ਉਤਸ਼ਾਹ ਪੈਦਾ ਹੋਇਆ ਵੇਖ ਕੇ ਇਰਾਦਾ ਕੀਤਾ, ਚਲੋ, ਅਗਰ ਗੁਰੂ ਜੀ ਨੇ ਇਹ ਇਰਾਦਾ ਬਣਾਇਆ ਹੋਇਆ ਹੈ ਕਿ ਅਸੀਂ ਬਾਦਸ਼ਾਹ ਨੂੰ ਨਹੀਂ ਮਿਲਣਾ, ਤਾਂ ਮੈਂ ਆਪ ਜਾ ਕੇ ਹੀ ਦਰਸ਼ਨ ਕਰ ਆਉਂਦਾ ਹਾਂ, ਖ਼ੁਦਾ ਦੇ ਪਿਆਰਿਆਂ ਦੇ ਦੀਦਾਰ ਤਾਂ ਲਾਭਦਾਇਕ ਹੀ ਹਨ। ਇਸੇ ਸਮੇਂ ਅਜਿਹੀ ਘਟਨਾ ਹੋਈ ਕਿ ਗੁਰੂ ਜੀ ਚੀਚਕ ਕਾਰਣ ਕਾਫ਼ੀ ਬੀਮਾਰ ਹੋ ਗਏ। ਆਖ਼ਰ ਗੁਰੂ ਦੀ ਮਹਾਨ ਆਤਮਾ ਨੇ ਬੀਮਾਰੀ ਨਾਲ ਜਰਜਰੇ ਹੋਏ ਸਿਥਲ ਸਰੀਰ ਵਿੱਚ ਰਹਿਣਾ ਪਸੰਦ ਨਾ ਕੀਤਾ। ਉਜੜਦੇ ਚਮਨ ਵਿਚੋਂ ਬੁਲਬੁਲ ਨੇ ਉਡ ਜਾਣ ਦਾ ਹੀ ਫ਼ੈਸਲਾ ਕਰ ਲਿਆ।

ਸਾਰੀ ਸੰਗਤ ਪੂਰਬ ਦੀ ਦਿਸ਼ਾ ਵਾਂਙ ਖ਼ਾਮੋਸ਼ ਖਲੋਤੀ ਛੁਪਦੇ ਸੂਰਜ ਵਲ ਨੀਝ ਲਾ ਕੇ ਤੱਕ ਰਹੀ ਸੀ, ਸੂਰਜ ਨੇ ਆਪਣੀਆਂ ਲਾਲ ਬੁਲ੍ਹੀਆਂ ਰਾਹੀਂ ਅੰਤਮ ਸ਼ਬਦ ਇਹੋ ਆਖੇ, "ਬਾਬਾ ਬਕਾਲੇ", ਇਹ ਕਹਿੰਦੇ ਹੋਏ ਆਪ ਜੋਤੀ ਜੋਤਿ ਸਮਾਂ ਗਏ। ਇਹ ਘਟਨਾ ੩੦ ਮਾਰਚ ੧੬੬੪ ਈ: ਦੀ ਹੈ। ਸੰਗਤਾਂ ਉਨ੍ਹਾਂ ਦੇ ਦਗ ਦਗ ਕਰਦੇ ਚੇਹਰੇ ਦੀ ਲਾਲੀ ਤੱਕ ਤੱਕ ਬਹੁਤ ਪ੍ਰਭਾਵਤ ਹੋ ਰਹੀਆਂ ਸਨ, ਜਿਸ ਪ੍ਰਭਾਵ ਦੀ ਇਨਕਲਾਬ ਲਈ ਬੜੀ ਡਾਢੀ ਲੋੜ ਹੁੰਦੀ ਹੈ। ਇਤਿਹਾਸ ਇਸ ਪਾਸਿਓਂ ਚੁੱਪ ਹੈ ਕਿ ਗੁਰੂ ਜੀ ਦਾ ਇਹ ਦੇਹਾਂਤ ਕਿਸੀ ਸ਼ਾਹੀ ਸਾਜ਼ਸ਼ ਦਾ ਹੀ ਨਤੀਜ਼ਾ ਸੀ ਜਾਂ ਸੁਭਾਵਕ ? ਦੱਸਿਆ ਜਾਂਦਾ ਹੈ ਕਿ ਜਦੋਂ ਔਰੰਗਜ਼ੇਬ ਆ ਕੇ ਪਹੁੰਚਿਆ ਤਾਂ ਨਾ-ਮਿਲਵਰਤਣ ਨੂੰ ਅੰਤਮ ਸੁਆਸਾਂ ਤੱਕ ਨਿਭਾਉਣ ਵਾਲੇ ਸਤਿਗੁਰੂ ਜੋਤੀ ਜੋਤਿ ਸਮਾਂ ਚੁੱਕੇ ਸਨ, ਤੇ ਸੰਗਤਾਂ ਮਨੋਹਰ ਗੁਰੂ ਦੇ ਦੁੱਖ-ਹਰਨ ਚੇਹਰੇ ਨੂੰ ਨੀਝ ਲਾ ਲਾ ਤੱਕ ਰਹੀਆਂ ਸਨ।

**ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭਿ ਦੁੱਖ ਜਾਇ ॥** (ਪਾ: ੧੦)

# ਗੁਰੂ ਗ੍ਰੰਥ ਸਾਹਿਬ ਵਿੱਚ ਸੇਵਾ ਦਾ ਸੰਕਲਪ

**ਪ੍ਰਿੰਸੀਪਲ ਪ੍ਰਭਜੋਤ ਕੌਰ**

"ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਂਝੀ ਸਗਲ ਜਹਾਨੈ" ਦੇ ਮਹਾਂਵਾਕ ਅਨੁਸਾਰ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਰਬਕਾਲੀ, ਸਰਬਵਿਆਪੀ, ਸਰਬ ਸਾਂਝਾ ਅਤੇ ਸਰਬ ਹਿਤਕਾਰੀ ਹੈ । ਗੁਰਬਾਣੀ ਨੇ ਆਦਰਸ਼ਕ ਮਾਨਵ ਦੀ ਘਾੜਤ ਲਈ ਕੇਵਲ ਸਿਧਾਂਤ ਹੀ ਨਹੀਂ ਦਿੱਤੇ ਸਗੋਂ ਉਨ੍ਹਾਂ ਨੂੰ ਅਮਲੀ ਰੂਪ ਚ ਉਜਾਗਰ ਕੀਤਾ ਹੈ । ਸਿਧਾਂਤ ਤੇ ਅਮਲ ਦਾ ਪ੍ਰਤੱਖ ਰੂਪ ਸੇਵਾ ਹੈ ਜਿਸ ਦਾ ਜ਼ਿਕਰ ਵੱਖਰੇ ਸੰਕਲਪ ਦੇ ਤੌਰ ਤੇ ਗੁਰਬਾਣੀ ਵਿੱਚ ਥਾਂ ਪਰ ਥਾਂ ਮਿਲਦਾ ਹੈ ।

ਜਦੋਂ ਕੋਈ ਮਨੁੱਖ ਨਿੱਜੀ ਸਵਾਰਥ ਨੂੰ ਤਿਆਗ ਕੇ ਦੂਜਿਆਂ ਦੇ ਦੁੱਖ ਦੂਰ ਕਰਨ ਅਤੇ ਦੂਜਿਆਂ ਦੀਆਂ ਲੋੜਾਂ ਦੀ ਪੂਰਤੀ ਹਿਤ ਕੋਈ ਕੰਮ ਆਪਣੀ ਇੱਛਾ (ਖੁਸ਼ੀ) ਨਾਲ ਕਰਦਾ ਹੈ ਤਾਂ ਇਸ ਨੂੰ ਸੇਵਾ ਆਖਿਆ ਜਾਂਦਾ ਹੈ । ਸੇਵਾ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਕੋਸ਼ੀ ਅਰਥ ਹਨ–"ਦੂਸਰੇ ਨੂੰ ਆਰਾਮ ਪਹੁੰਚਾਉਣ ਦੀ ਕਿਰਿਆ, ਖਿਦਮਤ, ਟਹਿਲ, ਨੌਕਰੀ, ਉਪਾਸਨਾ, ਪੂਜਾ, ਆਸਰਾ, ਸ਼ਰਣ, ਰਖਸ਼ਾ ।" ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੇਵਾ ਦੇ ਅਰਥ ਇਸ ਤਰ੍ਹਾਂ ਹਨ– "੧. ਖਿਦਮਤ, ਉਪਾਸਨਾ, ੨. ਸੇਵਹ, ਤਰੀਕਾ, ਕਾਇਦਾ, ੩. ਆਦਤ, ਸੁਭਾਉ, ੪. ਸਿੰਧੀ ਵਿੱਚ ਸੇਵਾ ਦਾ ਉਚਾਰਣ ਸੇਵਾ ਹੈ ਅਤੇ ਇਸ ਦਾ ਅਰਥ ਪੂਜਾ ਭੇਟਾ ਭੀ ਹੈ ।" ਇਸ ਤਰ੍ਹਾਂ ਸੇਵਾ ਦਾ ਅਰਥ ਟਹਿਲ, ਖਿਦਮਤ ਤੋਂ ਵਿਗਸ ਕੇ ਉਪਾਸਨਾ ਤਥਾ ਅਰਾਧਨਾ ਤੱਕ ਪਸਰਿਆ ਹੋਇਆ ਹੈ । ਗੁਰਬਾਣੀ ਵਿੱਚ ਸੇਵਾ ਲਈ ਸੇਵ, ਸੇਵੀ, ਸੇਵਿਆ ਅਦਿ ਪਦਾਂ ਦੀ ਵਰਤੋਂ ਕੀਤੀ ਗਈ ਹੈ।

ਸੇਵਾ ਦੋ ਪ੍ਰਕਾਰ ਦੀ ਮੰਨੀ ਗਈ ਹੈ–ਵਿਅਕਤੀਗਤ ਅਤੇ ਸਮੂਹਕ । ਗੁਰੂ, ਸਾਧ, ਸੰਤ, ਮਹਾਂਪੁਰਖ ਗੁਰਸਿੱਖ ਪਹਿਲੀ ਕਿਸਮ ਦੀ ਸੇਵਾ ਦੇ ਅੰਤਰਗਤ ਆਉਂਦੇ ਹਨ । ਦੂਜੇ ਪ੍ਰਕਾਰ ਦੀ ਸੇਵਾ ਵਿੱਚ ਵਿਅਕਤੀ ਦਾ ਅਭਾਵ ਹੁੰਦਾ ਹੈ । ਸਮੂਹਕ ਰੂਪ ਵਿੱਚ ਸੰਗਤ ਦੀ ਸੇਵਾ ਕਰਨ ਦੀ ਹਦਾਇਤ ਹੈ । ਸੰਗਤ ਦੀ ਸੇਵਾ ਬਗੈਰ ਗੁਰੂ ਦੀ ਸੇਵਾ ਅਧੂਰੀ ਹੈ । ਇਸੇ ਕਰਕੇ ਗੁਰੂ ਦੀ ਸੇਵਾ ਨਾਲੋਂ ਸੰਗਤ ਦੀ ਸੇਵਾ ਨੂੰ ਜ਼ਿਆਦਾ ਮਹਾਨਤਾ ਦਿੱਤੀ ਗਈ ਹੈ ।

ਪ੍ਰਿੰਸੀਪਲ ਤੇਜਾ ਸਿੰਘ ਦੇ ਕਥਨ ਅਨੁਸਾਰ ਧਰਮ ਮਾਰਗ ਕੁਝ ਵਿਚਾਰਾਂ ਜਾਂ ਸਿਧਾਂਤਾਂ ਦਾ ਜੋੜ ਨਹੀਂ, ਸਗੋਂ ਇੱਕ ਵਿਸ਼ੇਸ਼ ਆਦਰਸ਼ ਅਨੁਸਾਰ ਜਿਊਣ ਦਾ ਮਾਰਗ ਹੈ ।

ਇਹ ਵਿਸ਼ੇਸ਼ ਆਦਰਸ਼ ਸੇਵਾ ਦਾ ਹੈ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਸਾਹਿਬਾਨ ਨੇ ਸਿੱਖ ਨੂੰ ਵਿਸ਼ਵ ਦਾ ਸੇਵਾਦਾਰ ਬਣਾਇਆ ਹੈ । ਡਾ. ਰਤਨ ਸਿੰਘ ਜੱਗੀ ਦੇ ਸ਼ਬਦਾਂ ਵਿੱਚ ਸਿੱਖ ਸੇਵਾ ਦਾ ਪ੍ਰਤੀਕ ਹੈ ਪ੍ਰੋ. ਗੁਰਬਚਨ ਸਿੰਘ ਤਾਲਿਬ ਉਪਰੋਕਤ ਵਿਚਾਰਾਂ ਦੀ ਪ੍ਰੋੜਤਾ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਤੱਕ ਸਿੱਖ ਆਪਣੇ ਜੀਵਨ ਨੂੰ ਸੇਵਾ ਵਿੱਚ ਨਹੀਂ ਲਾਉਂਦਾ ਉਸ ਦੀ ਤਪੱਸਿਆ, ਭਗਤੀ, ਗਿਆਨ ਸੁਚਮ ਨੂੰ ਨਹੀਂ ਪਹੁੰਚਦੀ ।

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਧਾਰਨਾ ਬਣਦੀ ਹੈ ਕਿ ਗੁਰਮਤਿ ਧਰਮ ਚੇਤਨਾ ਅਤੇ ਅਧਿਆਤਮਕਤਾ ਦਾ ਸੁਤੰਤਰ ਲੱਛਣ ਇਹ ਹੈ ਕਿ ਜਿਊਣ ਦਾ ਇੱਕ ਨਵਾਂ ਚਾਅ ਅਤੇ ਸੇਵਾ ਦਾ ਨਵੀਨ ਉਤਸ਼ਾਹ ਸਾਹਮਣੇ ਲਿਆਂਦਾ ਗਿਆ ਹੈ ।

ਸੇਵਾ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਤਿੰਨ ਸਿਧਾਂਤਾਂ- ਕਿਰਤ ਕਰੋ, ਨਾਮ ਜਪੋ, ਅਤੇ ਵੰਡ ਛਕੋ ਵਿੱਚ ਸਮੋਇਆ ਹੋਇਆ ਹੈ । ਹੱਥੀਂ ਕਿਰਤ ਕਰਨ ਨਾਲ ਸਰੀਰ ਤੰਦਰੁਸਤ ਅਤੇ ਪਵਿੱਤਰ ਹੁੰਦਾ ਹੈ । ਨਾਮ ਜਪਣ ਨਾਲ ਵਿਅਕਤੀ ਆਤਮਿਕ ਤੌਰ ਤੇ ਬਲਵਾਨ ਹੁੰਦਾ ਹੈ ਅਤੇ ਵੰਡ ਛਕਣ ਨਾਲ ਸਮਾਜਿਕ ਅਤੇ ਭਾਈਚਾਰਕ ਸਾਂਝ ਪਰਪੱਕ ਹੁੰਦੀ ਹੈ । ਇਸੇ ਕਰਕੇ ਸੇਵਾ ਨੂੰ ਮਨ, ਵਚਨ ਅਤੇ ਕਰਮ ਤਿੰਨਾ ਦਾ ਸੰਯੁਕਤ ਕਾਰਜ ਮੰਨਿਆ ਗਿਆ ਹੈ ।

ਗੁਰਬਾਣੀ ਅਨੁਸਾਰ ਹੱਥੀਂ ਸੇਵਾ ਕਰਨ ਨੂੰ ਸਭ ਤੋਂ ਉਤਮ ਮੰਨਿਆ ਗਿਆ ਹੈ ਅਤੇ ਮਨੁੱਖਾ ਸਰੀਰ ਦੀ ਸਾਰਥਕਤਾ ਵੀ ਇਸੇ ਵਿੱਚ ਹੀ ਦਰਸਾਈ ਗਈ ਹੈ:

ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥
ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥

ਗੂਜਰੀ ਕੀ ਵਾਰ:੨ (ਮਃ ੫) - ਅੰਗ ੫੧੯

ਉਪਰੋਕਤ ਵਿਚਾਰਾਂ ਦੀ ਪੁਸ਼ਟੀ ਭਾਈ ਗੁਰਦਾਸ ਜੀ ਦੇ ਇਸ ਕਥਨ ਤੋਂ ਵੀ ਹੋ ਜਾਂਦੀ ਹੈ :

ਗੁਰਮੁਖਿ ਹਥਿ ਸਕਥ ਹਨਿ ਸਾਧਸੰਗਤਿ ਗੁਰ ਕਾਰ ਕਮਾਵੈ।
ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਂਮਤੁ ਪਾਵੈ।
ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ।

ਨਮਸਕਾਰ ਡੰਡਉਤ ਕਰਿ ਗੁਰਭਾਈ ਗਲਿ ਮਿਲਿ ਗਲਿ ਲਾਵੈ।
ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ।
(ਵਾਰ ੬ ਪਉੜੀ ੧੨)

ਇਹੀ ਗੁਰਸਿੱਖੀ ਹੈ ਅਤੇ ਇਸੇ ਨੂੰ ਸੇਵਾ ਆਖਿਆ ਗਿਆ ਹੈ । ਗੁਰਬਾਣੀ ਅਨੁਸਾਰ ਕਿਸੇ ਦੀ ਚਾਪਲੂਸੀ ਜਾਂ ਖੁਸ਼ੀ ਦੀ ਖਾਤਰ ਕੀਤੀ ਗਈ ਸੇਵਾ ਸਵੀਕਾਰ ਨਹੀਂ ਸਗੋਂ ਹਉਮੈ ਰਹਿਤ ਨਿਸ਼ਕਾਮ ਭਾਵਨਾ ਨਾਲ ਕੀਤੀ ਗਈ ਸੇਵਾ ਨੂੰ ਹੀ ਪ੍ਰਵਾਨ ਕੀਤਾ ਗਿਆ ਹੈ । ਇਸ ਪ੍ਰਥਾਇ ਗੁਰੂ ਫੁਰਮਾਨ ਹੈ :

ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥
ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥੧॥
ਅੰਗ ੩੯੧

ਹਉਮੈ ਨੂੰ ਖਤਮ ਕਰਕੇ ਹੁਕਮ ਜਾਂ ਭਾਣੇ ਵਿੱਚ ਰਹਿੰਦਿਆਂ ਹੋਇਆਂ ਸੇਵਾ ਕਰਨ ਨਾਲ ਮਨੁੱਖ ਆਪਣੇ ਗੁਰੂ ਦਾ ਹੋ ਨਿਬੜਦਾ ਹੈ ਅਤੇ ਉਸ ਵਿੱਚ ਨਿਮਰਤਾ, ਸਬਰ, ਸੰਤੋਖ ਅਤੇ ਸਹਿਣਸ਼ੀਲਤਾ ਵਰਗੇ ਗੁਣ ਆਪਣੇ ਆਪ ਹੀ ਆ ਜਾਂਦੇ ਹਨ:

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

ਬਾਬਾ ਫਰੀਦ ਜੀ ਦਾ ਫੁਰਮਾਨ ਹੈ :

ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥੧੨੮॥ਅੰਗ੧੩੮੪

ਗੁਰੂ ਸਾਹਿਬਾਨ ਨੇ ਸੇਵਾ ਨੂੰ ਅਧਿਆਤਮਕ ਪ੍ਰਾਪਤੀ ਦਾ ਇੱਕ ਜ਼ਰੂਰੀ ਸਾਧਨ ਦੱਸਿਆ ਹੈ । ਕੇਵਲ ਉਹੀ ਮਨੁੱਖ ਉਂਚ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ ਜਿਸ ਵਿੱਚ ਸੇਵਾ ਦਾ ਜਜ਼ਬਾ ਹੋਵੇ । ਇਹ ਸੇਵਾ ਪਰਿਵਾਰਿਕ ਅਤੇ ਸਮਾਜਿਕ ਜਿੰਮੇਵਾਰੀਆਂ ਤੋਂ ਮੂੰਹ ਫੇਰ ਕੇ ਕਰਨ ਦੀ ਹਦਾਇਤ ਨਹੀਂ ਸਗੋਂ ਇਸ ਸੰਸਾਰ ਵਿੱਚ ਵਿਚਰਦਿਆ ਹੋਇਆਂ ਨਿਰਲੇਪ ਰਹਿ ਕੇ ਕਰਨ ਦੀ ਸਿਖਿਆ ਹੈ :

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥ ਅੰਗ ੨੬

ਅੰਗਰੇਜ਼ੀ ਦੀ ਕਹਾਵਤ ਵੀ ਇਸੇ ਵਿਚਾਰ ਨੂੰ ਦੁਹਰਾਉਂਦੀ ਹੈ : Service of humanity is Service of God (ਮਾਨਵਤਾ ਦੀ ਸੇਵਾ ਹੀ ਰੱਬ ਦੀ ਸੇਵਾ ਹੈ ।) ਇਸ ਕਰਕੇ ਗੁਰੂ ਸਾਹਿਬਾਨ ਨੇ ਜੀਵ ਨੂੰ ਸੁਚੇਤ ਕਰਦਿਆਂ ਹੋਇਆਂ ਆਪਣੇ ਮੂਲ ਸੋਮੇ

ਪਰਮਾਤਮਾ ਦੀ ਸੇਵਾ ਕਰਨ ਦੀ ਹਦਾਇਤ ਕੀਤੀ ਹੈ:

ਤਿਸੁ ਤੂ ਸੇਵਿ ਜਿਨਿ ਤੂ ਕੀਆ ॥ ਤਿਸੁ ਅਰਾਧਿ ਜਿਨਿ ਜੀਉ ਦੀਆ
ਦੂਜੀ ਸੇਵਾ ਜੀਵਨੁ ਬਿਰਥਾ ॥ ਕਛੂ ਨ ਹੋਈ ਹੈ ਪੂਰਨ ਅਰਥਾ ॥

ਅੰਗ ੧੧੯੨

ਪਰਮਾਤਮਾ ਦੀ ਸੇਵਾ ਸ਼ੁਧ ਹਿਰਦੇ ਨਾਲ ਨਾਮ ਜਮਣ, ਉਸ ਦੇ ਗੁਣਾਂ ਦਾ ਗੁਣਗਾਨ ਕਰਨ ਅਤੇ ਮੰਨਣ ਨਾਲ ਹੀ ਹੁੰਦੀ ਹੈ। ਪ੍ਰਭੂ ਦੀ ਸੇਵਾ ਕਰਦਾ ਹੋਇਆ ਸਾਧਕ ਪ੍ਰਭੂ ਵਰਗਾ ਹੀ ਹੋ ਜਾਂਦਾ ਹੈ :

ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ ॥
ਬਿਹਾਗੜੇ ਕੀ ਵਾਰ (ਮ: ੩) – ਅੰਗ ੫੪੯

ਅਜਿਹੀ ਉੱਚ ਅਵਸਥਾ ਦਾ ਧਾਰਨੀ ਉਹੀ ਵਿਅਕਤੀ ਹੋ ਸਕਦਾ ਹੈ ਜਿਸ ਨੇ ਹਉਮੈ ਨੂੰ ਖਤਮ ਕਰਕੇ ਆਪਾ ਸਮਰਪਨ ਕੀਤਾ ਹੋਵੇ। ਅਜਿਹੇ ਸੇਵਕ ਬਹੁਤ ਘੱਟ ਮਿਲਦੇ ਹਨ, ਕਰੋੜਾਂ ਵਿੱਚ ਕੋਈ ਵਿਰਲੇ। ਇਸ ਪ੍ਰਥਾਇ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ :

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥
ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥

ਸਿਰੀਰਾਗੁ (ਮ: ੫) – ਅੰਗ ੫੧

ਇਸ ਤੋਂ ਇਲਾਵਾ ਸੇਵਾ ਵਿੱਚ ਪਰਮਾਤਮਾ ਦੀ ਨਦਰ, ਗੁਰੂ ਦੀ ਅਗਵਾਈ ਅਤੇ ਨਿਰੰਤਰ ਕਰਮ ਪ੍ਰਧਾਨ ਅਨੁਭਵ ਸ਼ਾਮਲ ਹਨ। ਇਸ ਦਾ ਆਧਾਰ ਸ਼ਬਦ ਹੈ। ਸ਼ਬਦ ਨੇ ਸੱਚੀ ਟਕਸਾਲ ਵਿੱਚ ਘੜੇ ਜਾਣਾ ਹੈ, ਇਹੀ ਘਾਲੀ ਹੋਈ ਘਾਲ ਹੈ ਅਤੇ ਇਸੇ ਨੂੰ ਸੇਵਾ ਅਖਿਆ ਗਿਆ ਹੈ:

ਗੁਰਮੁਖਿ ਸੇਵਾ ਘਾਲ ਜਿਨਿ ਘਾਲੀ ॥

ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥੨॥

ਭੈਰਉ (ਮ: ੪ – ਅੰਗ ੧੧੩੪

ਜੋ ਵਿਅਕਤੀ ਪਰਮਾਤਮਾ ਦੀ ਸੇਵਾ ਕਰਦਾ ਹੈ ਉਸੇ ਦੇ ਹਿਰਦੇ ਵਿੱਚ ਹੀ ਸਮੁੱਚੀ ਮਨੁੱਖਤਾ ਦੀ ਸੇਵਾ ਲਈ ਤੜਪ ਪੈਦਾ ਹੁੰਦੀ ਹੈ। ਉਹ ਖਾਲਕ ਨੂੰ ਸਮੁੱਚੀ ਖਲਕਤ ਵਿੱਚ ਵਿਆਪਕ ਵੇਖਦਾ ਹੈ। ਪਰਉਪਕਾਰ ਕਰਨਾ ਉਸ ਦੇ ਜੀਵਨ ਦਾ ਮੰਤਵ ਬਣ ਜਾਂਦਾ ਹੈ।

ਉਹ ਧਰਮ ਦੀ ਕਿਰਤ ਕਰਕੇ ਵੰਡ ਛਕਦਾ ਹੈ । ਗਰੀਬ ਦੀ ਰੱਖਿਆ ਕਰਨਾ ਉਸ ਦੇ ਜੀਵਨ ਦਾ ਅਨਿੱਖੜ ਅੰਗ ਬਣ ਜਾਂਦਾ ਹੈ । ਉਹ ਜ਼ੁਲਮ ਅਤੇ ਅਨਿਆਂ ਦਾ ਡਟ ਕੇ ਮੁਕਾਬਲਾ ਕਰਦਾ ਹੈ । ਏਕ ਪਿਤਾ ਏਕਸ ਕੇ ਹਮ ਬਾਰਿਕ ਦੇ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾਉਂਦਾ ਹੋਇਆ ਦੂਸਰਿਆਂ ਨੂੰ ਇਸ ਮਾਰਗ ਉੱਤੇ ਤੁਰਨ ਦੀ ਪ੍ਰੇਰਨਾ ਦਿੰਦਾ ਹੈ ।

ਨਿਸ਼ਕਾਮ ਭਾਵਨਾ ਨਾਲ ਕੀਤੀ ਗਈ ਸੇਵਾ ਦੇ ਅਨੇਕਾਂ ਲਾਭ ਹਨ । ਗੁਰੂ ਸਾਹਿਬ ਦਾ ਫੁਰਮਾਨ ਹੈ ਕਿ ਸੇਵਾ ਦੁਆਰਾ ਪਰਮਾਤਮਾ ਅਤੇ ਨਾਮ ਦੀ ਪ੍ਰਾਪਤੀ ਹੁੰਦੀ ਹੈ, ਹਲਤ ਸੁੱਖ ਅਤੇ ਪਲਤ ਸੁੱਖ ਮਿਲਦਾ ਹੈ, ਆਪਣੇ ਨਿੱਜ ਦੀ ਪਛਾਣ ਹੁੰਦੀ ਹੈ, ਕੁਲ ਦਾ ਉਧਾਰ ਹੁੰਦਾ ਹੈ, ਸਾਰੇ ਦੁੱਖ ਸੰਤਾਪ ਦੂਰ ਹੋ ਜਾਂਦੇ ਹਨ: ਹਉਮੈ ਅਤੇ ਤ੍ਰਿਸ਼ਨਾ ਦਾ ਖਾਤਮਾ ਹੁੰਦਾ ਹੈ, ਭਰਮ-ਭੁਲੇਖੇ ਮਿਟ ਜਾਂਦੇ ਹਨ ਅਤੇ ਹਰੀ ਦਾ ਸੇਵਕ ਹਰੀ ਵਰਗਾ ਹੀ ਹੋ ਜਾਂਦਾ ਹੈ । ਪਰੰਤੂ ਅਜਿਹੀ ਉੱਚੀ ਅਵਸਥਾ ਤੇ ਪਹੁੰਚਣ ਲਈ ਜੀਵ ਨੂੰ ਸਾਧਨਾ ਮਾਰਗ ਉੱਤੇ ਤੁਰਨ ਦੀ ਲੋੜ ਪੈਂਦੀ ਹੈ । ਅਜਿਹੀ ਸੇਵਾ ਦੁਆਰਾ ਸਾਧਕ ਦੇ ਵਿਅਕਤਿਤਵ ਵਿੱਚ ਨਿਰੰਤਰ ਪਰਿਵਰਤਨ ਹੁੰਦਾ ਰਹਿੰਦਾ ਹੈ । ਵਿਅਕਤੀ ਚੰਗੇ ਤੋਂ ਚੰਗੇਰਾ ਬਣ ਜਾਂਦਾ ਹੈ । ਗੁਰਬਾਣੀ ਅਨੁਸਾਰ ਜੋ ਵਿਅਕਤੀ ਨਿਰੰਤਰ ਸੇਵਾ ਲੀਨ ਰਹਿੰਦੇ ਹਨ ਉਨ੍ਹਾਂ ਨੂੰ ਗੁਰਮੁੱਖ, ਬ੍ਰਹਮ ਗਿਆਨੀ, ਸਾਧ, ਸੰਤ, ਜਨ ਅਤੇ ਸੇਵਕ ਆਦਿ ਦੇ ਰੁਤਬੇ ਨਾਲ ਵਡਿਆਇਆ ਜਾਂਦਾ ਹੈ ।

ਸੇਵਾ ਅਤੇ ਨਾਮ ਸਿਮਰਨ ਵਿੱਚ ਲੀਨ ਵਿਅਕਤੀ ਹਮੇਸ਼ਾ ਸਰਬਤ ਦਾ ਭਲਾ ਲੋਚਦਾ ਹੈ । ਸਿੱਖ ਰੋਜ਼ਾਨਾ ਅਰਦਾਸ ਵਿੱਚ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ' ਮਾਨਵਤਾ ਦੇ ਭਲੇ ਲਈ ਅਰਜ਼ੋਈ ਕਰਦਾ ਹੈ ਜੋ ਕਿ ਨਿਸ਼ਕਾਮ ਸੇਵਾ ਕਰਮ ਹੈ । ਅਜਿਹੇ ਸੇਵਕ ਦੇ ਪਰਮਾਤਮਾ ਹਮੇਸ਼ਾ ਅੰਗ ਸੰਗ ਰਹਿੰਦਾ ਹੈ :

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥

ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥
ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥
ਤਿਸ ਕੀ ਸੋਇ ਸੁਣੀ ਮਨੁ ਹਰਿਆ
ਤਿਸੁ ਨਾਨਕ ਪਰਸਣਿ ਆਵੈ॥੨॥੭॥੧੨੯॥ ਅੰਗ ੪੦੩

ਜੇਕਰ ਵਿਅਕਤੀ ਉਪਰੋਕਤ ਅਵਸਥਾ ਦਾ ਧਾਰਨੀ ਹੋ ਜਾਵੇ ਤਾਂ ਆਦਰਸ਼ ਸਮਾਜ ਦੀ ਸਥਾਪਤੀ ਹੋ ਸਕਦੀ ਹੈ । ਆਦਰਸ਼ ਸਮਾਜ ਦੀ ਸਥਾਪਨਾ ਕਰਨਾ ਹੀ ਇੱਕ ਸੱਚੇ ਸੇਵਕ ਦਾ ਪ੍ਰਯੋਜਨ ਹੈ ਇਸੇ ਵਿੱਚ ਹੀ ਸਮੁੱਚੀ ਮਾਨਵਤਾ ਦੀ ਭਲਾਈ ਹੈ । ਇਸ ਤਰ੍ਹਾਂ ਸਮੁੱਚੇ ਵਿਸ਼ਵ ਨੂੰ ਇੱਕ ਧਾਗੇ ਵਿੱਚ ਪਰੋਣ ਦੀ ਜ਼ਿੰਮੇਵਾਰੀ ਸੇਵਾ ਦੁਆਰਾ ਨਿਭਾਈ ਜਾ ਸਕਦੀ ਹੈ ਕਿਉਂਕਿ ਇਸ ਅਵਸਥਾ ਨੂੰ ਪਹੁੰਚਿਆ ਹੋਇਆ ਮਨੁੱਖ ਆਪਣੇ ਨਿੱਜ ਤੋਂ ਉਪਰ ਉਠ ਕੇ ''ਨਾ ਕੋ ਬੈਰੀ ਨਾਹੀ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ' ਵਿਚਾਰਾਂ ਦਾ ਧਾਰਨੀ ਹੋ ਨਿਬੜਦਾ ਹੈ, ਜੋ ਸ੍ਵੈ ਤੋਂ ਪਾਰ ਤੱਕ ਦੀ ਜ਼ਿੰਮੇਵਾਰੀ ਸਮਝਣ ਦਾ ਨਿੱਗਰ ਉਪਰਾਲਾ ਕਰਦਾ ਹੈ ।

ਧੰਨਵਾਦਿ ਸਾਹਿਤ ਵਿਚੋਂ :-ਗਿਆਨੁ ਚਰਾਗੁ

## ਗੁਰਬਾਣੀ ਵਿੱਚ ਸੇਵਾ ਦਾ ਸੰਕਲਪ

ਸ.ਬਲਵਿੰਦਰ ਸਿੰਘ 'ਸਾਗਰ'

ਭਾਰਤ ਰਿਸ਼ੀਆਂ, ਮੁਨੀਆਂ, ਭਗਤਾਂ, ਪੀਰਾਂ ਪੈਗੰਬਰਾਂ ਅਤੇ ਅਵਤਾਰਾਂ ਦਾ ਦੇਸ਼ ਹੈ । ਪੁਰਾਤਨ ਸਮਿਆਂ ਤੋਂ ਹੀ ਭਾਰਤ ਭਗਤੀ ਦਾ ਕੇਂਦਰ ਰਿਹਾ ਹੈ । ਸਾਰੇ ਮਹਾਪੁਰਸ਼ ਆਪ ਆਪਣੇ ਢੰਗ ਤਰੀਕੇ, ਧਰਮ ਅਤੇ ਅਕੀਦੇ ਅਨੁਸਾਰ ਭਗਤੀ ਕਰਦੇ ਅਤੇ ਕਰਵਾਉਂਦੇ ਰਹੇ ਹਨ । ਇਹੀ ਢੰਗ ਤਰੀਕੇ ਅਤੇ ਮਤ ਬਣ ਗਏ ਅਤੇ ਸਮਾਂ ਪਾ ਕੇ ਆਪੋ ਆਪਣੇ ਰਸਤੇ ਤੇ ਸਥਾਪਿਤ ਵੀ ਹੋ ਗਏ। ਸੰਨਿਆਸੀ, ਜੋਗੀ, ਤਪਸਵੀ, ਬ੍ਰਹਮਚਾਰੀ, ਘੋਰ ਅਤੇ ਅਘੋਰ ਸਾਧੂ ਨਾਂਗੇ ਸਾਧੂ, ਜੈਨੀ ਬੋਧੀ ਮੁਸਲਮਾਨ , ਫਕੀਰ ਦਰਵੇਸ਼ ਸੂਫੀ ਸੰਤ ਫਿਰ ਭਗਤੀ ਲਹਿਰ ਸਮੇਂ ਸਮੇਂ ਆਪਣਾ ਯੋਗਦਾਨ ਪਾਉਂਦੇ ਰਹੇ ।

ਇਸ ਸਭ ਕੁਝ ਦੇ ਹੁੰਦਿਆਂ ਵੀ ਭਾਰਤੀ ਸਮਾਜਕ ਆਮ ਕਰਕੇ ਅਗਿਆਨਤਾ, ਕਰਮ ਕਾਂਡ, ਵਹਿਮਾ, ਭਰਮਾਂ ਕਰਕੇ ਬਹੁਤ ਕਮਜ਼ੋਰ ਹੋ ਗਿਆ । ਵਰਣ-ਜਾਤ ਵੰਡ ਨੇ ਹੋਰ ਵੀ ਵੱਡਾ ਨੁਕਸਾਨ ਕੀਤਾ । ਇਸੇ ਸਮੇਂ ਧੰਨ ਗੁਰੂ ਨਾਨਕ ਪਾਤਸ਼ਾਹ ਪ੍ਰਕਾਸ਼ ਮਾਨ ਹੋਏ । ਉਨ੍ਹਾਂ ਦੁਨੀਆਂ ਦੀ ਹਾਲਤ ਵੇਖੀ ਤੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।

(ਵਾਰ ੧ ਪਉੜੀ ੨੪)

ਭਾਰਤੀ ਸਮਾਜ ਨੂੰ ਇਸ ਜਿਲ੍ਹਣ ਵਿਚੋਂ ਕੱਢਣ ਲਈ ਗੁਰੂ ਨਾਨਕ ਪਿਤਾ ਨੇ ਨਿਰਮਲ ਪੰਥ ਚਲਾਇਆ ਅਤੇ ਲੁਕਾਈ ਨੂੰ ਅੰਧੇਰੇ ਤੋਂ ਦੂਰ ਕਰਕੇ ਰੌਸ਼ਨੀ ਵਲ ਪ੍ਰੇਰਿਆ । ਆਪ ਜੀ ਨੇ ਜੋਗ, ਸੰਨਿਆਸ, ਬ੍ਰਹਮਚਰਿਆ, ਜਪ-ਤਪ ਦੀ ਥਾਂ ਗ੍ਰਹਿਸਤ ਨੂੰ ਪ੍ਰਚਾਰਿਆ ਅਤੇ ਪ੍ਰਸਾਰਿਆ । "ਸਰਬ ਧਰਮ ਗ੍ਰਹਿਸਥ ਪ੍ਰਧਾਨ ਹੈ"

ਸਵਾਲ ਇਹ ਹੈ ਕਿ ਦੀ ਮਨੁੱਖ ਸੰਸਾਰ ਤਿਆਗ ਕੇ ਵੱਖ-ਵੱਖ ਮਤਾਂ ਨਾਲ ਹੀ ਪ੍ਰਭੂ ਪ੍ਰਪਤੀ ਕਰ ਸਕਦਾ ਹੈ ? ਯਾਂ ਕੋਈ ਗ੍ਰਹਿਸਥੀ ਵੀ ਪ੍ਰਭੂ ਨਾਲ ਇੱਕ ਮਿੱਕ ਹੋ ਸਕਦਾ ਹੈ ?

ਆਓ ਗੁਰਬਾਣੀ ਦੀ ਰੌਸ਼ਨੀ ਵਿੱਚ ਇਸ ਗਲ ਨੂੰ ਸਮਝਣ ਦਾ ਯਤਨ ਕਰੀਏ । ਗੁਰਬਾਣੀ ਅਤੇ ਗੁਰ ਮਤਿ ਸਾਨੂੰ ਮਾਇਆ ਵਿੱਚ ਉਦਾਸੀ ਹੋ ਕੇ ਪ੍ਰਭੂ ਪ੍ਰਾਪਤੀ ਦਾ ਰਾਹ ਦਰਸਾਂਦੀ ਹੈ । ਦੋ ਰਸਤੇ ਕਹਿ ਲੋ ਯਾ ਕਹਿ ਲਓ ਦੋ ਤਰੀਕੇ ਖਾਸ ਹਨ । ਸੇਵਾ ਅਤੇ ਸਿਮਰਨ ਇਨ੍ਹਾਂ ਢੰਗ ਤਰੀਕਿਆਂ ਨੂੰ ਅਪਨਾਉਣ ਨਾਲ ਮਨੁੱਖਾ ਜੀਵਨ ਸਫਲ ਹੋ ਜਾਂਦਾ ਹੈ । ਮਨੁੱਖ ਜੋਤ ਸਰੂਪੀ ਜੋਤ ਹੋ ਜਾਂਦਾ ਹੈ । ਸੇਵਾ ਅਤੇ ਸਿਮਰਨ ਵਿਚੋਂ ਵੀ ਗ੍ਰਹਿਸਥੀ ਲਈ ਸੇਵਾ ਕਰਨੀ ਕੋਈ ਮੁਸ਼ਕਿਲ ਨਹੀਂ ਬਸ਼ਰਤੇ ਕਿ ਮਨੁੱਖ ਦਾ ਮਨ ਇਸ ਪਾਸੇ ਲਗ ਜਾਏ । ਗੁਰ ਇਤਿਹਾਸ ਅਤੇ ਹੋਰ ਗੁਰਸਿੱਖਾਂ ਮਹਾਪੁਰਖਾਂ ਦਾ ਜੀਵਨ ਇਤਿਹਾਸ ਸੇਵਾ ਦੀਆਂ ਬੇਹਤਰੀਨ ਮਿਸਾਲਾ ਪੇਸ਼ ਕਰਦਾ ਹੈ । ਧੰਨ ਗੁਰੂ ਅਮਰਦਾਸ ਜੀ ਦੀ ਵਡੇਰੀ ਉਮਰੇ ਗਾਗਰ ਦੀ ਸੇਵਾ ਸਦਕਾ ਹੀ ਆਪ ਜੋਤ ਸਰੂਪ ਗੁਰੂ ਬਣੇ । ਧੰਨ ਗੁਰੂ ਰਾਮਦਾਸ ਪਿਤਾ ਲੋਕ ਲਾਜ ਛਡ ਟੋਕਰੀ ਢੋਂਦੇ ਰਹੇ । ਮਹਾਨ ਗੁਰਸਿੱਖ ਭਾਈ ਮੰਝ, ਭਾਈ ਸਾਲੋ, ਭਾਈ ਤਾਰੂ ਸਿੰਘ ਜੀ, ਭਾਈ ਲੱਧਾ ਪਰਉਪਕਾਰੀ ਸੈਕੜੇ ਜੀਵਨ ਸਾਡੇ ਲਈ ਚਾਨਣ ਮੁਨਾਰਾ ਹਨ । ਭਗਤਾਂ ਵਿੱਚ ਭਗਤ ਕਵੀਰ, ਨਾਮਦੇਵ ਜੀ, ਰਵਿਦਾਸ ਜੀ, ਸਧਨਾ ਜੀ ਜੀ ਆਦਿ ਸਭ ਗ੍ਰਹਿਸਥੀ ਅਤੇ ਸੇਵਾ ਸਿਮਰਨ ਦੀ ਸੁਮੇਲਤਾ ਦਾ ਅਦਭੁਤ ਕ੍ਰਿਸ਼ਮਾ ਹਨ । ਪੰਚਮ ਗੁਰਦੇਵ ਦਾ ਸੁਖਮਨੀ ਸਾਹਿਬ ਵਿੱਚ ਮਹਾ ਵਾਕ ਹੈ

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥

ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥ ਅੰਗ ੨੮੭

ਅਥਵਾ ਸੇਵਕ ਲਾਇਓ ਅਪਨੀ ਸੇਵ:-

ਜਿਸ ਭਾਗ ਸੁ ਸੇਵਾ  ਲਾਇਆ ਉਪਰੋਕਤ ਗੁਰਵਾਕਾਂ ਤੋਂ ਸੇਵਾ ਦੀ ਮਹਾਨਤਾ ਸਪਸ਼ਟ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਸੇਵਾ ਸਵੱਛ ਮਨ ਨਾਲ ਕੀਤੀ ਜਾਵੇ। ਭਾਵਨਾ ਨਾਲ ਸੇਵਾ ਕਰਦਿਆਂ ਮਨ ਨਿਰਮਲ ਹੁੰਦਾ ਹੈ। ਨਿਰਮਲ ਮਨ ਨਿਮਰਤਾ, ਤਿਆਗ, ਪਿਆਰ, ਸ਼ਰਧਾ ਦਾ ਧਾਰਨੀ ਹੋ ਜਾਂਦਾ ਹੈ। ਨਿਰਮਲਤਾ ਅਨੇਕਾਂ ਵਿਕਾਰਾਂ ਨੂੰ ਖਤਮ ਕਰਦੀ ਹੈ। ਨਿਰਵੈਰ ਤਾਂ ਨਿਰਪਖਤਾ, ਅਹੰਕਾਰ, ਲੋਭ, ਮੋਹ, ਕ੍ਰੋਧ ਆਦਿ ਵਾਸਨਵਾ ਤੋਂ ਰਹਿਤ ਕਰ ਦਿੰਦੀ ਹੈ। ਐਸਾ ਨਿਰਮਲ ਵਿਅਕਤੀ ਯਕੀਨਨ ਹੀ ਪਰਉਪਕਾਰੀ ਤੇ ਸੇਵਾ ਦੀ ਮਿਸਾਲ ਬਣ ਜਾਂਦਾ ਹੈ। ਅਜੋਕੇ ਸਮੇਂ ਵਿੱਚ ਭਗੈਤ ਪੂਰਨ ਸਿੰਘ ਜੀ, ਪਿੰਗਲਵਾੜੇ ਵਾਲੇ ਸਾਡੇ ਲਈ ਪ੍ਰੇਰਣਾ ਸਰੋਤ ਹਨ। ਹੋਰ ਬੇਅੰਤ ਮਨੁੱਖ ਅਤੇ ਸਸੰਥਾਵਾਂ, ਸੇਵਾ ਦੇ ਮਹਾਨ ਕਾਰਜ ਕਰ ਰਹੇ ਹਨ। ਪਰ ਦੂਜੇ ਪਾਸੇ ਲੰਗਰ ਬਣਾਉਣ ਲਈ ਲੋਕ  ਲਾਏ ਜਾਂਦੇ ਹਨ। ਹੱਥੀ ਸੇਵਾ ਸਾਡਾ ਮਨ ਨੀਵਾ ਮਤਿ ਉਚੀ ਕਰਦੀ ਹੈ। ਵਿਕਾਰਾਂ ਦਾ ਨਾਮ ਕਰਦੀ ਹੈ। ਵਿਕਾਰ ਰਹਿਤ ਹੋਣ ਦੀ ਨਿਰਮਲ ਹੋਣ ਦਾ ਰਾਹ ਹੈ। ਆਉ ਸੇਵਾ ਕਰੀਏ ਤਨ ਨਾਲ, ਮਨ ਨਾਲ, ਧੰਨ ਨਾਲ ਅਤੇ ਸਮੇਂ ਦਾ ਦਸਵੰਧ ਕਢ ਕੇ ਜੀਵਨ ਸਫਲ ਕਰੀਏ।

## ਅਗਸਤ ਮਹੀਨੇ ਦੇ ਸਮਾਗਮ:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨ ਸਮਾਗਮ :-

**ਧੰਨਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ  ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵਲੋਂ ਅਖੰਡ ਕੀਰਤਨ ਸਮਾਗਮ  ਮਿਤੀ ੦੫-੦੮-੨੦੧੮ ਦਿਨ ਐਤਵਾਰ ਸ਼ਾਮ ੬.੩੦ ਵਜੇ ਤੋਂ ੯.੦੦ ਤੱਕ ਗੁਰਮਤਿ ਪ੍ਰਸਾਰ ਭਵਨ ਵਿਖੇ ਕੀਤੇ ਜਾਣਗੇ। ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

**ਨਾਨਕਸ਼ਾਹੀ ਜੰਤਰੀ ਅਨੁਸਾਰ ਭਾਦੋਂ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ** :-

ਮਿਤੀ 17-08-2018  ਦਿਨ ਸੁਕੱਰਵਾਰ  ਸ਼ਾਮ ਨੂੰ 6.30 ਤੋਂ 9.00 ਵਜੇ ਤੱਕ **'ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤ"**ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਗਤੀਵਿਧੀਆਂ ਜੁਲਈ 2018 :-

## ਨਾਨਕਸ਼ਾਹੀ ਜੰਤਰੀ ਅਨੁਸਾਰ ਸਾਵਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-07-2018 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ । ਪਾਠ ਦੇ ਭੋਗ 16-07-2018 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 16-07-2018 ਦਿਨ ਸੋਮਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ **"ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ "॥** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ਕਥਾ ਦੀ ਸੇਵਾ ਵਾਇਸ ਪ੍ਰਿੰਸੀਪਲ ਹਰਵੀਰ ਸਿੰਘ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਮਹੀਨਾਵਾਰੀ ਸਮਾਗਮ:-** ਹਰ ਮਹੀਨੇ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵੱਲੋਂ ਘਰਾਂ ਵਿੱਚ ਗੁਰਮਤਿ ਸਮਾਗਮ ਸ਼ੁਰੂ ਕੀਤੇ ਗਏ ਹਨ । ਜੁਲਾਈ ਮਹੀਨੇ ਦਾ ਸਮਾਗਮ 7 ਜੁਲਾਈ ਸ. ਰਜਿੰਦਰਪਾਲ ਸਿੰਘ ਸਰਨਾ ਜੀ ਦੇ ਗ੍ਰਹਿ # 107 ,ਸਿਵਾਲਿਕ ਵਿਹਾਰ ,ਨਵਾ ਗਾਓ ਵਿਖੇ ਹੋਇਆ । ਅਗਸਤ ਮਹੀਨੇ ਦਾ ਸਮਾਗਮ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਸ.ਇੰਦਰਜੀਤ ਸਿੰਘ ਜੀ ਦੇ ਗ੍ਰਹਿ #3525 ਸੈਕਟਰ 38-ਡੀ ਚੰਡੀਗੜ ਵਿਖੇ ਹੋਵੇਗਾ । ਇਸ ਲੜੀ ਰਾਹੀਂ ਜਿਥੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਟ੍ਰੇਨਿੰਗ ਮਿਲ ਰਹੀ ਹੈ, ਉਥੇ ਹੀ ਆਮ ਸੰਗਤਾਂ ਵਿੱਚ ਗੁਰਮਤਿ ਪ੍ਰਚਾਰ ਅਤੇ ਸੰਗਤਾਂ ਦ ਸਹਿਯੋਗ ਵੀ ਪ੍ਰਾਪਤ ਹੋ ਰਿਹਾ ਹੈ ।

## ਫ੍ਰੀ ਮੈਡੀਕਲ ਕੈਂਪ

ਮਿਤੀ 21-07-2018 ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਅਤੇ ਪ੍ਰੋਜਕਟ ਆਪਥਲ ਕੇਅਰ ਸੋਸਾਇਟੀ ਵਲੋਂ ਡਾ. ਜਨਰਲ ਜਸਵੰਤ ਸਿੰਘ ਚੈਰੀਟੇਬਲ ਟ੍ਰਸਟ ਦੇ ਉਪਰਾਲੇ ਨਾਲ ਅੱਖਾਂ ਦਾ ਵਿਸ਼ਾਲ ਮੁਫਤ ਚੈਕ ਅੱਪ ਅਤੇ ਮੁਫਤ ਓਪਰੇਸ਼ਨ ਕੈਂਪ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ,ਮੁੰਡੀ ਖਰੜ ਜ਼ਿਲਾ ਐਸ.ਏ.ਐਸ. ਨਗਰ ਵਿਖੇ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿਚ 147 ਪ੍ਰਾਣੀਆਂ ਨੇ ਡਾਕਟਰੀ ਸੇਵਾਵਾਂ ਦਾ ਲਾਭ ਉਠਾਇਆ।

ਇਸ ਕੈਂਪ ਵਿਚ ਅੱਖਾਂ ਦੀ ਬੀਮਾਰੀਆਂ ਦੇ ਚੈਕ ਅੱਪ ਅਤੇ ਮੁਫਤ ਅੱਖਾਂ ਦੇ ਉਪਰੇਸ਼ਨ ਦੀ ਸੇਵਾ J.P. Eye Hospital ਦੇ ਮਾਹਰ ਡਾਕਟਰਾਂ ਦੀ ਟੀਮ ਵਲੋਂ, ਜਨਰਲ ਚੈਕ ਅੱਪ ਦੀ ਸੇਵਾ ਡਾ. ਦੇਵਿੰਦਰ ਗਰਗ MBBS ਦੁਆਰਾ ਅਤੇ ਹੋਮਿਓਪੈਥਿਕ ਦੇ ਮਰੀਜ਼ਾ ਦਾ ਚੈੱਕ ਦੀ ਸੇਵਾ ਡਾ.ਮਹਿੰਦਰ ਕੌਰ ਨੇ ਨਿਭਾਈ ਗਈ । ਰਿਆਇਤੀ ਕੀਮਤਾਂ ਤੇ ਐਨਕਾਂ ਬਣਾਉਣ ਦੀ ਸੇਵਾ J.P. Eye Hospital ਮੋਹਾਲੀ ਵਾਲਿਆਂ ਨੇ ਕੀਤੀ । ਅੱਖਾਂ ਦੇ ਓਪਰੇਸ਼ਨ ਅਤੇ ਲੈਨਜ ਲਈ 15 ਮਰੀਜ਼ ਨਾਮਜ਼ਦ ਕੀਤੇ ਗਏ ਜਿਨ੍ਹਾਂ ਦੇ ਮੁਫਤ ਓਪਰੇਸ਼ਨ J.P. Eye Hospital ਵਿਖੇ ਕੀਤੇ ਜਾਣਗੇ ।ਇਸ ਮੌਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।

ਇਸ ਤੋਂ ਇਲਾਵਾ ਫ੍ਰੀ ਕਲਿਨੀਕਲ ਲੈਬਾਰਟੇਰੀ ਟੈਸਟ ਵੀ ਕੀਤੇ ਗਏ ਅਤੇ ਵਿਸ਼ੇਸ਼ ਪੈਕੇਜ ਬਹੁਤ ਹੀ ਰਿਆਇਤੀ ਦਰਾਂ ਤੇ ਕੀਤੇ ਗਏ ਜਿਸ ਦਾ ਲੋਕਾ ਨੇ ਭਰਵਾ ਲਾਭ ਉਠਾਇਆ।

ਕੈਂਪ ਦੇ ਦੌਰਾਨ ਆਈਆਂ ਸੰਗਤਾਂ ਦਾ ਚਾਹ ਪਾਣੀ ਆਦਿ ਨਾਲ ਸੇਵਾ ਕੀਤੀ ਗਈ । ਕੈਂਪ ਦੀ ਸਮਾਪਤੀ ਤੇ ਗੁਰੂ ਦੇ ਲੰਗਰ ਦੀ ਵੀ ਸੇਵਾ ਹੋਈ । ਸੰਗਤਾਂ ਦੇ ਉਪਰੋਕਤ ਉਪਰਾਲੇ ਦੀ ਭਰਵੀ ਸ਼ਲਾਘਾ ਕੀਤੀ ।

ਕੈਂਪ ਤਸਵੀਰਾਂ ਦੀ ਜੁਬਾਨੀ :-



ਕੈਂਪ ਦੀ ਅਰੰਭਤਾ ਲਈ ਅਰਦਾਸ ।



ਸਮੂਹ ਪ੍ਰਬੰਧਕ


ਡਾ.ਆਭਾ ਮਰੀਜ਼ਾ ਨੂੰ ਚੈਕ ਕਰਦੇ ਹੋਏ ।

ਸ਼ੁਕਰਾਨਾ ਸਮਾਗਮ :- ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਸ਼ੈਸ਼ਨ 2015-2018 ਤੇ 2017-2018 ਦੀ ਸੰਪੂਰਨਤਾ ਤੇ ਗੁਰਮਤਿ ਸਮਾਗਮ ਕੀਤੇ ਗਏ ਸ਼ੈਸ਼ਨ 2015-18 ਵਿੱਚ 6 ਵਿਦਿਆਰਥੀ ਸਨ ਜਿਹਨਾਂ ਨੇ ਬੀ.ਏ ਦੀ ਡਿਗਰੀ ਵਿੱਚੋ ਵੀ ਚੰਗੇ ਨੰਬਰ ਪ੍ਰਾਪਤ ਕੀਤੇ ਅਤੇ ਸ਼ੈਸ਼ਨ 2017-2018 ਇੱਕ ਸਾਲ ਦਾ ਗ੍ਰੰਥੀ ਕੋਰਸ ਵਿੱਚੋ ਚਾਰ ਵਿਦਿਆਰਥੀਆਂ ਨੇ ਸਫਲਤਾ ਪ੍ਰਾਪਤ ਕੀਤੀ ਇਹਨਾਂ 10 ਵਿਦਿਆਰਥੀਆਂ ਨੂੰ ਗੁਰਮਤਿ ਦੇ ਸਰਟੀਫਿਕੇਟ ਵੰਡੇ ਗਏ ।

# ਸਮਾਗਮ ਤਸਵੀਰਾਂ ਦੀ ਜ਼ੁਬਾਨੀ :-



ਕੋਰਸ ਸੰਪੂਰਨ ਕਰਨ ਵਾਲੇ ਵਿਦਿਆਰਥੀਆਂ ਨਾਲ ਸਮੂਹ ਪ੍ਰਬੰਧਕ ਅਤੇ ਟੀਚਰ ਸਾਹਿਬਾਨ ।



ਸਮੂਹ ਵਿਦਿਆਰਥੀ ਪ੍ਰਬੰਧਕ ਅਤੇ ਟੀਚਰ ਸਾਹਿਬਾਨ ਦੀ ਗਰੁਪ ਫੋਟੋ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜੁਲਾਈ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 83 | 132 | 215 |
| 2 | Eye | 20 | 29 | 49 |
| 3 | Cardiology | 07 | 59 | 66 |
| 4 | Dental | 00 | 00 | 00 |
| 5 | Gynaecology | 13 | 32 | 45 |
| 6 | Homoeopathy | 38 | 442 | 480 |
| 7 | Physiotherapy | - | - | - |
| | Total | 161 | 694 | 855 |
| | Laboratory | 175 | - | 175 |

## ਧੰਨਵਾਦਿ :

## ਜੁਲਾਈ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Narinder Bir Singh #1444/Sec 34C/Chd 2,200/-
2. S. Dhanwant Singh #447/Phase-IV/Mohali 1,000/-
3. Bibi Surjit Kaur #1444/Sec 34C/Chd 2,000/-
4. Col. H.S Uppal #306/Sec. 33A/Chd 40,000/-
5. Smt. Nripjit Kaur# 39 Sant Fateh Singh Nagar Dugri /Ludhiana 40,000/-
6. S. Harsharnpal Singh Bhatia #461/Sec. 44A 1,000/-
7. Bibi Gurdeep Kaur #461/Sec. 44A/Chd 3,100/-
8. Bibi Harpreet Kaur #461/Sec 44A/Chd 1,000/-
9. Bibi. Harleen Kaur Sarna #107G, Shivalik Vihar Naya Goan, Mohali 500/-
10. Bibi Rajleen Kaur #836/Phase II/Mohali 500/-
11. S. Harbhajan Singh# 731/Phase-3BI/Mohali 15,000/-
12. S. Sarbjeet Singh #49A/Com. Homes/Kharar 3,000/-
13. Bibi Baljit Kaur # 8 Sahib Nagar Opp. Urban Estate/Phase-I/Patiala 5,000/-
14. Dr. Daljit Kaur Gakhar #1600/Sector-34D 10,000/-
15. S. Ramanpreet Singh #3306/Sec. 21D/Chd 5,000/-
16. Bibi Ishminder Kaur # 3902/Sector-22D/Chd 15,000/-
17. S. Tarunpal Singh # 2506/Sector-61/Mohali 5,000/-
18. S. Darshan Singh Ji/H.M.T. Colony 100/-
19. Bibi Kulwinder Kaur/Western Tower 101/-
20. Bibi Satwant Kaur #287/Phase-3BI/Mohali 250/-
21. S. Naunihal Singh/ Mundi Kharar 500/-
22. S. Amarjit Singh/ Mundi Kharar 100/-
23. Mata Surinder Kaur/Mari Gold 1100/-
24. S. Harjinder Singh /H.M.T. Colony 100/-
25. S. Jagjit Singh/ Mundi Kharar 100/-
26. S. Dilbagh Singh/ Satkar Properties M. Kharar 500/-
27. Bibi Narinder Kaur/Mohali 200/-
28. Bibi Gurwinder Kaur #2506/Phase-7/Mohali 5,000/-
29. Dr. M.S. Mongia #1734/Phase-7/ Mohali 1,000/-
30. S. Inderjit Singh #3525/Sector-38D/Chd 2,100/-
31. S. Gurbaksh Singh #143/1/Sector-45A/Chd 2,100/-
32. Col. (Dr.) Rajinder Singh #1734/Sector-33D 5,000/-
33. S. Tarminder Wachhair/ 26 Mills Borough Road/Canada 42,000/-
34. S. Harsimran Singh# 207/Phase-4/Mohali 20,000/-
35. S. Dhian Singh #3106/Sector-38/Chd 1,000/-
36. S. Dilbagh Singh#HCF-1-2/Om Enclave/M.K 10,000/-
37. S. Bir Anmol Singh #53/Sectoe-70/Mohali 21,000/-
38. Mrs. Harbhajan Singh / F-9/Jangpura Extension/New Delhi 1,00,000/-
39. Mrs. Harbhajan Kaur / F-9/Jangpura Extension/New Delhi 1,00,000/-
40. S. Parkash Singh #2214/Sector-45C/Chd 2,000/-
41. S. M.S. Sudan#1286/Sector-33C/Chd 2,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।